# ਅੰਮ੍ਰਿਤ ਕੀਰਤਨ

# Amrit Kirtan

# अमृत कीर्तन

ਅੰਕ : 13

ਜੂਨ, 1990




ਰੀ ਸੰਪਾਦਕ

ਡਾ. ਜਾਗੀਰ ਸਿੰਘ

# ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ ਦਾ ਦਸਵਾਂ ਅੰਕ ਸਾਡੇ ਹੱਥਾਂ ਵਿਚ ਹੈ। ਗੁਰਬਾਣੀ ਸੰਗੀਤ ਦੇ ਖੇਤਰ ਵਿਚ ਤੁਹਾਡਾ ਇਹ ਉੱਦਮ ਬਹੁਤ ਸ਼ਲਘਾ ਯੋਗ ਹੈ। ਰਾਗਾਂ ਬਾਰੇ ਨੋਟੇਸ਼ਨਾਂ ਦੇ ਕੇ ਜਾਣਕਾਰੀ ਦੇਣਾ ਸੰਗੀਤ ਨਾਲ ਸਬੰਧਤ ਪ੍ਰੇਮੀਆਂ ਲਈ ਬਹੁਤ ਲਾਹੇਵੰਦ ਹੈ। ਵੱਡੀ ਗੱਲ ਇਹ ਹੈ ਕਿ ਰਾਗੀ ਸਿੰਘਾਂ ਦੇ ਜੀਵਨ ਬਾਰੇ ਹੋਰ ਕਿਤੇ ਵੀ ਨਹੀਂ ਛਪਦਾ ।, ਪ੍ਰਸਿੱਧ ਕੀਰਤਨੀਆਂ ਦੀਆਂ ਮੁਲਾਕਾਤਾਂ ਛਾਪਣਾ, ਪਾਠਕਾਂ ਲਈ ਜਾਣਕਾਰੀ ਭਰਪੂਰ ਹੈ। ਇਸ ਦਾ ਤ੍ਰੈ ਭਾਸ਼ੀ ਹਣਾ ਵੀ ਇਸ ਦੇ ਮਿਆਰ ਨੂੰ ਹੋਰ ਉਚੇਰਿਆਂ ਕਰਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ ਕੀਰਤਨ ਨਿਰਮੋਲਕ ਹੀਰਾ। ਇਹ ਸਾਡਾ ਵਿਰਸਾ ਹੈ। ਇਸ ਨੂੰ ਸੰਭਾਲਣਾ ਅਤੇ ਇਸ ਪ੍ਰਤੀ ਪਾਠਕਾਂ ਨੂੰ ਜਾਣੂੰ ਕਰਾਉਣ ਵਿਚ ਤੁਸੀਂ ਸਫਲ ਹੋ। ਤੁਹਾਡੇ ਇਸ ਉਦਮ ਲਈ ਸ਼ੁਭ-ਕਾਮਨਾਵਾਂ ਭੇਜਦੇ ਹੋਏ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

ਮਹਿੰਦਰ ਸਿੰਘ ਦੁਸਾਂਝ ਪ੍ਰਿੰਸੀਪਲ
ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ

ਆਪ ਜੀ ਨੂੰ 'ਅੰਮ੍ਰਿਤ ਕ਼ੀਰਤਨ' ਮਾਸਿਕ ਰਸਾਲੇ ਦੀ ਲੱਖ ਲੱਖ ਵਧਾਈ ਦਿੰਦਾ ਹਾਂ। ਕਿਉਂਕਿ ਤੁਸੀਂ ਸੰਗੀਤ-ਪ੍ਰੇਮੀਆਂ ਵਾਸਤੇ ਬਹੁਤ ਹੀ ਚੰਗਾ ਸ਼ਲਾਘਾ ਯੋਗ ਕੰਮ ਕਰ ਰਹੇ ਹੋ। ਕਲਾਸੀਕਲ ਕੀਰਤਨ ਨੂੰ ਕਾਇਮ ਰੱਖਣ ਲਈ ਅਜਿਹੇ ਉਪਰਾਲੇ ਦੀ ਲੋੜ ਹੈ। ਗੁਰਬਾਣੀ ਨੂੰ ਰਾਗਾਂ ਵਿਚ ਗਾਉਣ ਦੀ ਤਾਕੀਦ ਕਰਦੇ ਰਹਿਣਾ। ਅੰਮ੍ਰਿਤ ਕੀਰਤਨ ਦੀ ਸਫਲਤਾ ਲਈ ਕਾਮਨਾ ਕਰਦਾ ਹਾਂ।

ਗਿਆਨੀ ਸੁਰਜੀਤ ਸਿੰਘ (ਖੁਬਣ ਵਾਲੇ)
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਲੋਟ ਮੰਡੀ

ਅੰਮ੍ਰਿਤ ਕੀਰਤਨ ਵਿੱਚ ਪ੍ਰਸਿੱਧ ਰਾਗੀ ਸਿੰਘਾਂ ਦੀ ਜਾਣ-ਪਛਾਣ ਭਾਵੇਂ ਸੰਖੇਪ ਹੁੰਦੀ ਏ, ਪਰ ਰੌਚਕ ਅਤੇ ਖੋਜ-ਭਰਪੂਰ ਹੁੰਦੀ ਏ। ਤੁਹਾਡੇ ਪਤਰ ਜ਼ਰੂਰ ਪੜ੍ਹਦਾ ਹਾਂ ਲਿਖਣ ਵਾਲੇ ਆਪਣੀ ਆਪਣੀ ਰੁਚੀ ਅਨੁਸਾਰ ਲਿਖਦੇ ਹਨ। ਗਗਨ ਪਾਕਿਸਤਾਨੀ ਅਮਰੀਕਾ ਵਾਲੇ ਦੇ ਪੱਤਰ ਉਸ ਦੇ ਦਿਲ ਦੀ ਡੂੰਘਾਈ ਪੇਸ਼ ਕਰਦੇ ਹਨ।

ਸਰੂਪ ਸਿੰਘ,
ਸਾਊਥ ਹਾਲ U:K:

(ਬਾਕੀ ਸਫ਼ਾ 2 ਤੇ)

# ਅੰਮ੍ਰਿਤ ਕੀਰਤਨ

# Amrit Kirtan     अमृत कीर्तन

ਅੰਕ : 13     ਜੂਨ, 1990

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਸਤੀਸ਼ ਮੈਨਨ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ     ਪੰਨਾ

1. ਤੁਹਾਡੇ ਪੱਤਰ     ਟਾਈਟਲ ਪੰਨਾ 2
2. ਕਰਉ ਬੇਨੰਤੀਆ     3
4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਘਰੁ ਦੇ ਸੰਕਲਪ ਬਾਰੇ
   — ਭਾਈ ਗੁਰਚਰਨ ਸਿੰਘ ਕੰਵਲ     5
5. ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ
   —ਟੀ.ਸੀ. ਨਾਗਪਾਲ     9
6. Gurbani Kirtan And Kirtaniyas
   — Principal Inder Singh     17
7. ਸਿਤਾਰ ਏਵੰ ਮਿਜਰਾਬ
   — ਡਾ. ਡੀ. ਐਸ. ਨਰੂਲਾ     19
8. ਰਾਗ ਬਿਲਾਵਲ
   — ਭਾਈ ਕੁਲਵੰਤ ਸਿੰਘ ਚੰਦਨ     23
9. ਰਾਗ ਸਾਰੰਗ
   — ਹਰਿਭਜਨ ਸਿੰਘ     24
10. ਸੰਗੀਤ ਅਤੇ ਕੀਰਤਨ ਕੈਸਟਾਂ     25
11. ਸੰਗੀਤ ਅਤੇ ਕੀਰਤਨ ਪੁਸਤਕਾਂ     33

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

(ਟਾਈਟਲ ਪੰਨੇ ਦੀ ਬਾਕੀ)

I am very glad to see that your efforts are contributing to the propagation of Sikh Music.

Dr. Sukhvinder Sikh Sandhu
U.S.A.

ਸਾਡੇ ਕੋਲ ਉਹ ਸ਼ਬਦ ਨਹੀਂ ਜਿਨਾ ਦੇ ਨਾਲ ਆਪ ਜੀ ਦਾ ਧਨਵਾਦੀ ਕਰ ਸਕੀਏ। ਆਪ ਜੀ ਉਹ ਉਪਰਾਲਾ ਕਰ ਰਹੇ ਹੋ ਮੇਰੀ 24 ਸਾਲ ਦੀ ਉਮਰ ਵਿਚ ਮੇਰੇ ਹਿਸਾਬ ਦੇ ਨਾਲ ਇਹ ਉਪਰਾਲਾ ਕਿਸੇ ਨਹੀਂ ਕੀਤਾ ਕਿ ਸਾਨੂੰ ਘਰ ਬੈਠਿਆਂ ਹੀ ਰਾਗਾਂ ਦੀ ਜਾਣਕਾਰੀ ਤੇ ਇਹਨਾਂ ਨੂੰ ਗਾਇਨ ਕਰਨ ਵਾਲੇ ਰਾਗੀਆਂ ਦੀ ਜਾਣਕਾਰੀ ਦਾ ਵੇਰਵਾ ਦਿੰਦੇ ਹੋ। ਮੇਰੇ ਕੋਲ ਸਿਖ ਪੰਥ ਦੇ ਤਕਰੀਬਨ ਸਾਰੇ ਰਸਾਲੇ ਆਉਂਦੇ ਹਨ ਪਰ ਤੁਹਾਡੇ ਰਸਾਲੇ ਦਾ ਅਨੰਦ ਕੁਝ ਵੱਖਰਾ ਹੀ ਹੈ ਕਿ ਜਿਸ ਨੂੰ ਪੜ੍ਹਕੇ ਬਹੁਤ ਅਨੰਦ ਮਿਲਦਾ ਹੈ। ਪਾਤਸ਼ਾਹ ਰਹਿਮਤ ਕਰੇ ਕਿ ਆਪ ਜੀ ਦੇ ਸਮੂੰਹ ਸਟਾਫ ਨੂੰ ਏਸੇ ਤਰਾਂ ਸਿਖ ਪੰਥ ਨਾਲ ਜੋੜੀ ਰੱਖੇ ਮੇਰੀ ਇਹ ਮਾਲਕ ਅੱਗੇ ਅਰਦਾਸ ਹੈ।

ਰਾਗੀ ਦਵਿੰਦਰ ਸਿੰਘ ਸੋਢੀ
ਲੁਧਿਆਣੇ ਵਾਲੇ

# ਕਰਉ ਬੇਨੰਤੀਆ

ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਅਤੇ 'ਅੰਮ੍ਰਿਤ ਕੀਰਤਨ' ਦੀ ਪ੍ਰਕਾਸ਼ਨਾ ਨੂੰ ਇੱਕ ਸਾਲ ਹੋ ਗਿਆ ਹੈ। 'ਅੰਮ੍ਰਿਤ ਕੀਰਤਨ' ਦੇ ਕਾਰਜ ਨੂੰ ਇੱਕ ਮਹੱਤਵਪੂਰਨ ਪਰ ਕਠਿਨ ਕਾਰਜ ਬਿਆਨ ਕੀਤਾ ਗਿਆ ਹੈ। ਖੇਤਰ ਵੱਲੋਂ ਆਏ ਭਰਪੂਰ ਹੁੰਗਾਰੇ ਨੇ ਸਾਡੇ ਹੌਸਲੇ ਬੁਲੰਦ ਕੀਤੇ ਹਨ। ਅਸੀਂ ਆਪਣਾ ਲੇਖਾ ਜੋਖਾ ਕਰਕੇ ਨਵੇਂ ਉਤਸ਼ਾਹ ਨਾਲ ਡਟੇ ਹੋਏ ਹਾਂ।

ਮਾਇਕ ਔਕੜਾਂ ਹਨ। ਇਹ ਔਕੜਾਂ ਪੰਜਾਬੀ ਅਖਰਾਂ ਨਾਲ ਸੰਬੰਧਤ ਹਰ ਕਾਰਜ ਵਿੱਚ ਹਨ। ਅਜੇ ਪੁਸਤਕਾਂ ਸਾਡੇ ਸਭਿਆਚਾਰ ਦਾ ਅੰਗ ਨਹੀਂ ਬਣੀਆਂ। ਸਾਡੇ ਬਹੁਤੇ ਘਰਾਂ ਵਿੱਚ ਟੀ. ਵੀ: ਵੀਡੀਓ ਮਹਿੰਗੇ ਸੋਫਾ ਸੈਟ, ਕਰਾਕਰੀ ਅਤੇ ਕਿਤੇ-ਕਿਤੇ ਸ਼ਰਾਬ ਤਾਂ ਮੌਜੂਦ ਹੈ ਪਰ ਪੁਸਤਕਾਂ ਦੀ ਅਲਮਾਰੀ ਵਾਸਤੇ ਸਾਡੇ ਕੋਲ ਥਾਂ ਨਹੀਂ। ਪੁਸਤਕਾਂ ਵਾਸਤੇ ਸਾਡੇ ਕੋਲ ਪੈਸੇ ਵੀ ਨਹੀਂ। ਅਸੀਂ ਆਪਣੇ ਬੱਚੇ ਨੂੰ ਛੇ ਰੁਪਏ ਦੀ ਚਾਕਲੇਟ ਤਾਂ ਖਰੀਦ ਕੇ ਦੇ ਸਕਦੇ ਹਾਂ, 5-7 ਰੁਪਏ ਵੀਡੀਓ ਫਿਲਮ ਕਰਾਏ ਤੇ ਲਿਆ ਕੇ ਤਿੰਨ ਘੰਟੇ ਬਰਬਾਦ ਕਰ ਸਕਦੇ ਹਾਂ ਪਰ ਪੁਸਤਕਾਂ ਪੜ੍ਹਨ ਲਈ ਸਾਡੇ ਕੋਲ ਸਮਾਂ ਕਿਥੇ ਹੈ? ਇਹ ਸਮੱਸਿਆ ਪੰਜਾਬੀ ਸਭਿਆਚਾਰ ਵਿੱਚ ਵਿਆਪਕ ਹੈ ਇਸ ਨੂੰ ਹੱਲ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ।

ਸੰਗੀਤ ਨੂੰ ਬਿਲਕੁਲ ਇੱਕ ਵਾਧੂ ਵਿਸ਼ਾ ਸਮਝਿਆ ਗਿਆ ਹੈ, ਕੀਰਤਨ ਕਰਨ ਵਾਲੇ ਨੂੰ ਸਿਧਾਂਤਕ ਤੌਰ ਤੇ ਤਾਂ 'ਭਲੋ ਭਲੇ ਰੇ ਕੀਰਤਨੀਆਂ ਕਹਿੰਦੇ ਹਾਂ ਪਰ ਜੋ ਵਿਹਾਰ ਕੀਰਤਨੀਆਂ ਨਾਲ ਗੁਰਦੁਆਰਾ ਪ੍ਰਬੰਧਕ ਕਰਦੇ ਹਨ ਇਹ ਕੁਝ ਕਿਸੇ ਤੋਂ ਗੁਝਾ ਨਹੀਂ। ਇਸ ਪ੍ਰਤੀਕਰਮ ਵਜੋਂ ਜੇ ਕੋਈ ਕੀਰਤਨੀਆਂ' ਕੀਰਤਨ ਨੂੰ ਕਮਰਸ਼ੀਅਲ ਬਣਾ ਲਵੇ ਤਾਂ ਕੋਈ ਅਣਹੋਣੀ ਨਹੀ। ਖੈਰ-ਇਹ ਚਿੱਠਾ ਤਾਂ ਨਾ ਮੁਕਣ ਵਾਲਾ ਹੈ। ਆਪਾਂ ਕੁਝ ਸਾਰਥਕ ਜਤਨ ਕਰਨੇ ਹਨ।

ਕੀਰਤਨ ਅਤੇ ਸੰਗੀਤ ਨਾਲ ਲਗਾਓ ਪੈਦਾ ਕਰਨ ਲਈ ਅੰਮ੍ਰਿਤ ਕੀਰਤਨ ਟ੍ਰਸਟ ਵਲੋਂ ਕੀਰਤਨ ਕਲਾਸਾਂ ਜਾਰੀ ਕਰਨ ਦੀ ਯੋਜਨਾ ਹੈ। ਕੀਰਤਨ ਕਲਾਸਾਂ ਕਿਸੇ ਵੀ ਗੁਰਦੁਆਰੇ ਵਿੱਚ ਗੁਰਦੁਆਰਾ ਕਮੇਟੀ, ਸੁਖਮਨੀ ਸੇਵਾ ਸੁਸਾਇਟੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਨੌਜੁਆਨ ਸੇਵਕ ਜਥੇ, ਇਸਤਰੀ ਸਤਸੰਗ ਸਭਾਵਾਂ ਦੇ ਸਹਿਯੋਗ ਨਾਲ ਹਰ ਸ਼ਹਿਰ ਕਸਬੇ ਅਤੇ ਪਿੰਡ ਵਿੱਚ ਅਰੰਭ ਕਰਨ ਦਾ ਵਿਚਾਰ ਹੈ।

ਇਸ ਯੋਜਨਾ ਦੇ ਕੁਝ ਪੱਖ ਹੇਠ ਲਿਖੇ ਅਨੁਸਾਰ ਹਨ :

- ☐ ਕੀਰਤਨ ਸਿਖਲਾਈ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਿੱਚ ਜਾਂ ਉਪਰ ਲਿਖੀਆਂ ਸੰਸਥਾਵਾਂ ਵੱਲੋਂ ਸੁਝਾਈ ਗਈ ਥਾਂ ਤੇ ਕੀਤਾ ਜਾਵੇਗਾ।
- ☐ ਕੀਰਤਨ ਸਿਖਲਾਈ ਕਰਾਉਣ ਵਾਲੇ ਅਧਿਆਪਕ ਨੂੰ ਲੋੜੀਂਦਾ ਭੱਤਾ ਅੰਮ੍ਰਿਤ ਕੀਰਤਨ ਟ੍ਰਸਟ ਵਲੋਂ ਦਿਤਾ ਜਾਵੇਗਾ।
- ☐ ਕੀਰਤਨ ਅਧਿਆਪਕ ਦੀ ਨਿਯੁਕਤੀ ਸਥਾਨਕ ਸੰਸਥਾ ਦੇ ਸੁਝਾਅ ਅਨੁਸਾਰ ਟ੍ਰਸਟ ਵਲੋਂ ਕੀਤੀ ਜਾਵੇਗੀ।
- ☐ ਕੋਈ ਲੋੜ ਵੰਦ ਬਜੁਰਗ ਕੀਰਤਨੀਆਂ ਆਪਣੇ ਤੌਰ ਤੇ ਕੀਰਤਨ ਸਿਖਲਾਈ ਕਰਾਉਣ ਲਈ ਵੀ ਟ੍ਰਸਟ ਨਾਲ ਸੰਪਰਕ ਪੈਦਾ ਕਰ ਸਕਦਾ ਹੈ।
- ☐ ਕੀਰਤਨ ਸਿਖਲਾਈ ਲਈ ਸਾਜ਼ਾਂ ਦਾ ਪ੍ਰਬੰਧ ਕਰਨ ਅਤੇ ਅਨੁ-ਸ਼ਾਸਨ ਕਾਇਮ ਕਰਨ ਲਈ ਸਥਾਨਕ ਕਮੇਟੀ ਕਾਇਮ ਕੀਤੀ ਜਾਵੇਗੀ।
- ☐ ਵੱਖ ਵੱਖ ਸਭਾਵਾਂ, ਕਮੇਟੀਆਂ, ਜਥਿਆਂ ਆਦਿ ਨੂੰ ਬੇਨਤੀ ਹੈ ਕਿ ਉਹ ਆਪਣੇ ਆਪਣੇ ਸ਼ਹਿਰ ਵਿੱਚ ਕੀਰਤਨ ਕਲਾਸਾਂ ਅਰੰਭ ਕਰਨ ਵਾਸਤੇ ਸਾਡੇ ਨਾਲ ਚਿੱਠੀ ਪੱਤਰ ਕਰਨ ਦੀ ਕਿਰਪਾ ਕਰਨ
- ☐ ਕੀਰਤਨ ਸਿਖਣ ਦੇ ਚਾਹਵਾਨ ਵੀ ਇਸ ਕਾਰਜ ਨੂੰ ਜਲਦੀ ਅਰੰਭ ਕਰਾਉਣ ਵਿੱਚ ਯੋਗਦਾਨ ਪਾਉਣ।

ਤੁਹਾਡੇ ਹੁੰਗਾਰੇ ਦੀ ਉਡੀਕ ਵਿਚ,

ਡਾ: ਜਾਗੀਰ ਸਿੰਘ

# ਗੁਰੂ ਗ੍ਰੰਥ ਸਾਹਿਬ ਵਿਚ 'ਘਰੁ' ਦੇ ਸੰਕਲਪ ਬਾਰੇ

ਭਾਈ ਗੁਰਚਰਨ ਸਿੰਘ ਕੰਵਲ

ਕੁਝ ਅਰਸੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਰਾਗ ਦੇ ਨਾਲ ਲਿਖੇ ਹੋਏ ਘਰੁ ਬਾਰੇ ਵਿਦਵਾਨ ਖੋਜੀ ਸਜਨਾਂ ਨੇ ਆਪਣੇ ਖੋਜ ਵਾਲੇ ਨਿਰਣੇ ਪੇਪਰਾਂ ਵਿਚ ਅਤੇ ਕਿਤਾਬਾਂ ਵਿਚ ਲਿਖਣੇ ਅਰੰਭ ਕੀਤੇ ਹਨ। ਉਨ੍ਹਾਂ ਦੀ ਰੁਚੀ ਬਹੁਤ ਦੇਰ ਤੋਂ ਉਲਝੇ ਹੋਏ ਇਸ ਮਾਮਲੇ ਨੂੰ ਸੁਲਝਾਵਣ ਦੀ ਹੀ ਹੈ ਇਸ ਯਤਨ ਲਈ ਉਹ ਵਿਦਵਾਨ ਵਧਾਈ ਦੇ ਪਾਤਰ ਨਹ। ਮੱਖਣ ਤਾਂ ਦਹੀਂ ਵਿਚ ਰੇੜਕਾ ਪੌਣ ਨਾਲ ਹੀ ਪ੍ਰਾਪਤ ਹੁੰਦਾ ਹੈ, ਪਰ ਰਿੜਕਣ ਵੇਲੇ ਇਸ ਗੱਲ ਦਾ ਭੀ ਧਿਆਨ ਰੱਖਣਾ ਜ਼ਰੂਰੀ ਹੈ ਸਹਜ ਬਿਲੋਵਹੁ ਜੈਸੇ ਤਤ ਨਾ ਜਾਈ। ਹੁਣ ਤੀਕ ਜੀਹਨਾਂ ਸਜਨਾਂ ਦੇ ਵੀਚਾਰ ਪੜ੍ਹਨ ਦਾ ਮੌਕਾ ਮਿਲਿਆ ਹੈ ਮੈਂ ਇਹੋ ਹੀ ਸਮਝਿਆ ਹੈ ਕਿ ਉਹਨਾਂ ਨੇ ਇਹ ਸਾਬਤ ਕਥਨ ਦੀ ਕੋਸ਼ਿਸ਼ ਕੀਤੀ ਹੈ ਕਿ ਘਰੁ ਦਾ ਅਰਥ ਤਾਲ ਨਹੀਂ ਹੈ ਅਤੇ ਇਸ ਵਿਚਾਰ ਦੀ ਪੁਸ਼ਟੀ ਲਈ ਉਹਨਾਂ ਨੇ ਬੜੀਆਂ ਉਕਤੀਆਂ ਯੁਕਤੀਆਂ ਤੋਂ ਕੰਮ ਲਿਆ ਹੈ ਘਰੁ ਸ਼ਬਦ ਗੁਰਬਾਣੀ ਅੰਦਰ ਹੋਰ ਜੀਹਨਾਂ ਤੁਕਾਂ ਵਿਚ ਵਰਤਿਆ ਹੋਇਆ ਹੈ ਉਹਨਾਂ ਤੁਕਾਂ ਦੇ ਭੀ ਹਵਾਲੇ ਦਿੱਤੇ ਹਨ।

ਘਰੁ ਬਾਰੇ ਕੁਝ ਲਿਖਣ ਦਾ ਮੇਰਾ ਪਰਯੋਜਨ ਉਹਨਾਂ ਲੇਖਕਾਂ ਦੀ ਨੁਕਤਾ ਚੀਨੀ ਕਰਨ ਦਾ ਨਹੀਂ ਹੈ। ਸਿਆਣਿਆਂ ਦਾ ਕਥਨ ਹੈ ਕਿ ਖੋਜ ਦਾ ਕੋਈ ਅੰਤ ਨਹੀਂ ਹੈ ਤੇ ਨਾ ਹੀ ਕਿਸੇ ਲਿਖਾਰੀ ਨੂੰ ਆਪਣੀ ਖੋਜ ਨੂੰ ਹੀ ਅੰਤਮ ਤੇ ਅਟੱਲ ਸਮਝ ਬੈਠਣ ਦੀ ਹਉਮੈ ਵਿਚ ਫਸਣਾ ਚਾਹੀਦਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਇਸ ਮਸਲੇ ਨੂੰ ਸੁਲਝਾਵਣ ਲਈ ਮੇਰੇ ਵੀਚਾਰ ਖੋਜੀ ਸਜਨਾਂ ਲਈ ਲਾਭਦਾਇਕ ਹੋਣਗੇ।

ਮੇਰਾ ਆਪਣਾ ਸੌ ਫੀਸਦੀ ਪੱਕਾ ਵਿਸ਼ਵਾਸ਼ ਹੈ ਕਿ ਘਰੁ ਦਾ ਅਰਥ ਤਾਲ ਹੀ ਹੈ। ਹੋਰ ਸਜਨਾਂ ਦੇ ਵੀਚਾਰ ਅਜੇ ਤਕ ਮੇਰੇ ਪਰਬਤ ਵਰਗੇ ਪੱਕੇ ਵਿਸ਼ਵਾਸ਼ ਵਿਚ ਤ੍ਰੇੜ ਨਹੀਂ ਪਾ ਸਕੇ। ਮੈਂ ਅਪਣੇ ਵੀਚਾਰਾਂ ਦੀ ਪ੍ਰੋੜਤਾ ਲਈ ਨਿਮਨ ਲਿਖਤ ਦਲੀਲਾਂ ਪੇਸ਼ ਕਰਦਾ ਹਾਂ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਬੇਨਤੀ ਪਰਵਾਨ ਕਰਕੇ ਬਾਣੀ ਦੇ ਆਦਿ ਤੋਂ ਅੰਤ ਤੱਕ ਅਰਥ ਖਾਸ ਕਰਕੇ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਜੀ ਨੂੰ ਤੇ ਬਾਕੀ ਸਾਰੀ ਸੰਗਤ ਨੂੰ ਸ੍ਰਵਣ ਕਰਵਾਏ ਸਨ "ਭਾਈ ਮਨੀ ਸਿੰਘ ਜੀ ਤੋਂ ਅੱਗੇ ਕਥਾ ਦੀ ਸੰਪ੍ਰਦਾਇ ਚੱਲੀ ਸੀ" ਕਰੀਬਨ ਉਸੇ ਸਮੇਂ ਤੋਂ ਹੀ ਇਹ ਅਰਥ ਲਿਖਤੀ ਰੂਪ ਵਿਚ ਆ ਗਏ ਸਨ "ਇਸੇ ਕਾਰਨ ਸੰਪ੍ਰਦਾਈ ਅਰਥ ਸਦਾ ਲਈ ਸੁਰੱਖਿਅਤ ਹੋ ਗਏ ਸਨ" ਅੱਗੋਂ ਭਾਵੇਂ ਗਿਆਨੀਆਂ ਦੀਆਂ ਕਈ ਟਕਸਾਲਾਂ ਚਲੀਆਂ ਸਨ ਪਰ ਕਿਸੇ ਭੀ ਗਿਆਨੀ ਨੇ ਸੰਪ੍ਰਦਾਈ ਅਰਥ ਬਦਲਣ ਦੀ ਗਲਤੀ ਨਹੀਂ ਕੀਤੀ "ਕਥਾਕਾਰ ਭਾਵੇਂ ਕਈ ਤੁਕਾਂ ਦੇ ਅਰਥ ਇਕ ਤੋਂ ਵਧੇਰੇ ਕਰਨ ਲਗ ਪਏ ਸਨ ਪਰ ਸਾਰੇ ਇਕ

ਜ਼ਬਾਨ ਹੋਕੇ ਇਹ ਜ਼ਰੂਰ ਕਿਹਾ ਕਰਦੇ ਸਨ ਇਹ ਅਰਥ ਸੰਪ੍ਰਦਾਈ ਹਨ ਤੇ ਹੋਰ ਅਰਥ ਅਸਾਂ ਕਈ ਵਿਦਵਾਨਾਂ ਦੇ ਵਿਚਾਰ ਪ੍ਰਗਟ ਕੀਤੇ ਹਨ। ਇਨ੍ਹਾਂ ਟਕਸਾਲਾਂ ਵਿਚ ਸੰਪ੍ਰਦਾਈ ਅਰਥਾਂ ਬਾਰੇ ਕਦੇ ਕੋਈ ਮੱਤ ਭੇਦ ਨਹੀਂ ਹੋਇਆ'' ਸਦੀਆਂ ਤੋਂ ਚਲੀ ਆ ਰਹੀ ਸੰਪ੍ਰਦਾਈ ਮੁਤਾਬਿਕ ਸਾਰੇ ਕਥਾਕਾਰ ਰਾਗ ਦੇ ਨਾਲ ਆਏ ਘਰੁ ਸ਼ਬਦ ਦਾ ਅਰਥ ਤਾਲ ਹੀ ਕਰਦੇ ਆਏ ਹਨ ਤੇ ਕਰ ਰਹੇ ਹਨ।

2) ਗੁਰੂ ਸਾਹਿਬ ਦੇ ਵਕਤ ਤੋਂ ਹੀ ਗੁਰ ਸਿੱਖ ਕੀਰਤਨੀਏ ਤੇ ਰਬਾਬੀ ਕੀਰਤਨੀਏ ਜੋ ਗੁਰਮਤ ਕੀਰਤਨ ਵਿੱਦਿਆ ਵਿਚ ਬੜੇ ਨਿਪੁੰਨ ਸਨ ਉਹ ਸਾਰੇ ਹੀ ਰਾਗ ਦੇ ਨਾਲ ਲਿਖੇ ਘਰ ਦਾ ਅਰਥ ਤਾਲ ਹੀ ਕਰਦੇ ਆਏ ਹਨ''। ਮੈਨੂੰ ਏਹਨਾਂ ਸੰਪ੍ਰਦਾਈ ਵਿਦਵਾਨ ਕਥਾਕਾਰਾਂ ਤੇ ਸੰਪ੍ਰਦਾਈ ਵਿਦਵਾਨ ਕੀਰਤਨੀਆਂ ਦੇ ਇਹ ਵਿਚਾਰ ਸੁਣਨ ਦਾ ਪੂਰੀ ਅੱਧੀ ਸਦੀ ਤੋਂ ਸੁਭਾਗ ਪ੍ਰਾਪਤ ਰਿਹਾ ਹੈ।

3) ਸ਼ਾਸਤਰੀ ਸੰਗੀਤ ਦੇ ਪੰਡਤਾਂ ਨੇ ਸੰਗੀਤ ਦੀਆਂ ਜਿੰਨੀਆਂ ਪੁਸਤਕਾਂ ਲਿਖੀਆਂ ਹਨ ਉਨ੍ਹਾਂ ਵਿਚ ਹਰ ਇਕ ਬੰਦਸ਼ ਦੇ ਆਰੰਭ ਵਿਚ ਰਾਗ ਦਾ ਨਾਮ ਤੇ ਤਾਲ ਦਾ ਨਾਮ ਇਕੱਠਾ ਦਿੱਤਾ ਹੋਇਆ ਹੈ। ਰਾਗ ਤੇ ਤਾਲ ਦਾ ਸੰਬੰਧ ਤਾਣੇ ਤੇ ਪੇਟੇ ਵਰਗਾ ਗੁਰੂ ਸਾਹਿਬਾਨ ਸਰਬ ਸ਼ਕਤੀ ਮਾਨ ਸਨ ਅਥਵਾ ਸੰਗੀਤ ਕਲਾਂ ਵਿਚ ਭੀ ਮਹਾਨ ਸਨ ਇਸ ਲਈ ਅਭੁੱਲ ਸਤਿਗੁਰੂ ਜੀ ਨੇ ਸੰਗੀਤ ਦੇ ਇਸ ਸੁੰਦਰ ਨਿਯਮ ਨੂੰ ਭੰਗ ਨਹੀਂ ਕੀਤਾ। ਗੁਰਮਤਿ ਸੰਗੀਤ ਮਤ ਬਾਕੀ ਦੇ ਸੰਗੀਤ ਮਤਾਂ ਨਾਲੋਂ ਘੱਟ ਮਹਾਨਤਾ ਨਹੀਂ ਰੱਖਦਾ ਜਿਨੇ ਹੋਰ ਵਿਦਵਾਨਾਂ ਨੇ ਇਕ ਦੂਜੇ ਦੇ ਮਤ ਤੋਂ ਥੋੜ੍ਹਾ। ਫਰਕ ਰੱਖ ਕੇ ਰਾਗਾਂ ਦੇ ਨਵੇਂ ਨਾਮ ਰੱਖੇ ਹੋਏ ਹਨ ਉਸੇ ਤਰ੍ਹਾਂ ਗੁਰੂ ਸਾਹਿਬਾਨ ਭੀ ਨਵੇਂ ਰਾਗ ਰਚਣ ਅਤੇ ਤਾਲਾਂ ਦੀ ਬਜਾਏ ਘਰ ਸ਼ਬਦ ਦੀ ਵਰਤੋਂ ਕਰਨ ਲਈ ਸੁਤੰਤਰ ਸਨ। ਅਸੀਂ ਜੇ ਖਿੱਚਾ ਧੂਈ ਕਰਕੇ ਘਰੁ ਦਾ ਅਰਥ ਤਾਲ ਦੀ ਥਾਵੇਂ ਕੁਝ ਹੋਰ ਕਰੀਏ ਤਾਂ ਸਾਡੇ ਉਪਰ ਭਾਈ ਗੁਰਦਾਸ ਜੀ ਦਾ ਇਹ ਕਥਨ ਬਿਲਕੁਲ ਠੀਕ ਢੁੱਕਦਾ ਹੈ:

ਗਿਦੜ ਦਾਖ਼ ਨ ਅਪੜੇ ਆਖੈ ਥੂ ਕਉੜੀ
ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ

B 5- N.D.S.E. Part II
New Delhi 110049

## ਭਾਈ ਬਲਵਿੰਦਰ ਸਿੰਘ ਜੀ ਰੰਗੀਲਾ (ਚੰਡੀਗੜ੍ਹ)

ਦੇ ਕੀਰਤਨ ਦੀਆਂ ਪ੍ਰਸਿੱਧ ਕੈਸੱਟ ਟੇਪਾਂ

**ਚਿਰ ਭਇਓ ਦਰਸਨ ਦੇਖੇ**

ਕੰਪਨੀ-ਸਰਬ ਸਾਂਝੀ ਗੁਰਬਾਣੀ
(ਟੇਕਸਲਾ ਟੀ. ਵੀ.)

**ਬਾਬਰ ਪ੍ਰਥਾਇ ਉਚਾਰੀ ਬਾਣੀ**

ਕੰਪਨੀ-ਅੰਮ੍ਰਿਤ ਰਸ (ਇੰਡੀਆ)

**ਬੇਕਸਾਂਰਾ ਯਾਰ ਗੁਰੂ ਗੋਬਿੰਦ ਸਿੰਘ**

ਕੰਪਨੀ-ਸਿਟੀਜ਼ਨ ਵਾਇਸ ਆਫ ਇੰਡੀਆ
(ਸੀ. ਵੀ. ਆਈ.)

**ਧਰਮੀ ਤੇ ਅਧਰਮੀ**

ਕੰਪਨੀ-ਪਾਇਲ ਰਿਕਾਰਡਿੰਗ ਕੰਪਨੀ
(ਪੀ. ਆਰ. ਸੀ.)

**ਖਾਲਸਾ ਰਾਜ ਦਾ ਪਹਿਲਾ ਸਿੱਕਾ**

ਕੰਪਨੀ-ਜੈਦਕਾ ਆਡੀਓ ਲਿੰਕਰਜ
(ਜੇ. ਏ. ਐਲ.)

# ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ

[ਸੰਗੀਤ ਅਤੇ ਗੁਰਬਾਣੀ ਸ਼ਬਦ ਨਾਲ ਜੁੜੇ, ਸੰਨ 1926-27 ਤੋਂ ਕੁਝ ਅੱਖੀਂ ਵੇਖੇ ਅਤੇ ਕੰਨੀਂ ਸੁਣੇ ਪੁਰਾਤਨ ਕੀਰਤਨਕਾਰਾਂ (ਕਲਾਕਾਰਾਂ) ਦੀ ਦਾਸਤਾਨ]

- ਟੀ. ਸੀ. ਨਾਗਪਾਲ❀

(ਪਿਛਲੇ ਅੰਕ ਤੋਂ ਅੱਗੇ)

ਬਜ਼ੁਰਗ ਦੱਸਿਆ ਕਰਦੇ ਸਨ ਕਿ ਦਾਸ ਦੀ ਹੋਸ਼ ਤੋਂ ਪਹਿਲੇ ਕਿਸੇ ਸਮੇਂ ਭਾਈ ਮੋਤੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰਿਆ ਕਰਦੇ ਸਨ। ਇਹ ਸੱਜਣ ਸਿਰਫ਼ ਨਾਮ ਦੇ ਹੀ ਮੋਤੀ ਨਹੀਂ ਸਗੋਂ ਕਲਾਕਾਰੀ ਦੇ ਪਖੋਂ ਵੀ ਬਲਕਿ ਅਸਲੀ ਸੁੱਚੇ ਮੋਤੀ ਸਨ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਫਿਰ ਦਾਸ ਨੇ ਬੜੀ ਰਸ ਭਰਪੂਰ ਗਾਇਕੀ ਵਿਚ ਉਸਤਾਦ ਭਾਈ ਸਾਂਈ ਦਿੱਤਾ ਜੀ ਨੂੰ ਸੁਣਿਆ ਅਤੇ ਕਾਫ਼ੀ ਸਮਾਂ ਲਗਾਓ-ਪਿਆਰ ਨਾਲ ਸੁਣਿਆ। ਇਹ ਸੱਜਣ ਵੀ ਆਪਣੇ ਸਮੇਂ ਵਿਚ ਆਪਣੀ ਮਿਸਾਲ ਆਪ ਸਨ। ਇਨ੍ਹਾਂ ਨੇ ਕਈ ਇਕ ਸ਼ਾਗਿਰਦ ਬਣਾਏ ਅਤੇ ਤਿਆਰ ਕੀਤੇ। ਭਾਈ ਸੰਤਾ ਸਿੰਘ ਅਤੇ ਇਨ੍ਹਾਂ ਦੇ ਭਰਾਤਾ ਭਾਈ ਸ਼ਮਸ਼ੇਰ ਸਿੰਘ ਵੀ ਇਨ੍ਹਾਂ ਦੇ ਹੀ ਸ਼ਾਗਿਰਦ ਸਨ ਜੋ ਕਿ ਭਾਈ ਚਾਂਦ ਜੀ ਦੇ ਸਮੇਂ ਕਾਫ਼ੀ ਸਮਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਬੜੀ ਰਸ ਭਰਪੂਰ ਆਸਾ ਜੀ ਦੀ ਵਾਰ ਦੀ ਚੌਂਕੀ ਕਰਦੇ ਰਹੇ ਅਤੇ ਬੜੇ ਮਕਬੂਲ ਹੋਏ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਉਸਤਾਦ ਭਾਈ ਸਾਂਈ ਦਿੱਤਾ ਜੀ, ਜੋ ਕਿ ਰਿਸ਼ਤੇ ਵਜੋਂ ਗਾਲਬਨ ਭਾਈ ਚਾਂਦ ਜੀ ਦੇ ਫੁੱਫੜ ਸਨ, ਬਰਸਾਤ ਦੀ ਰੁੱਤੇ ਜਦ ਕਦੇ ਮੇਘ ਯਾ ਮਲਾਰ ਰਾਗ ਵਿਚ ਗਾਇਨ ਕਰਦੇ, ਰਾਗ ਅਲਾਪਦੇ ਤਾਨਾਂ ਪਲਟੇ ਫ਼ਲਕ ਸ਼ਗਾਫ਼ (ਅਸਮਾਨ ਪਾੜੂ) ਆਵਾਜ਼ਾਂ ਲਗਾਉਂਦੇ ਤਾਂ ਬਾਹਰ ਭਾਵੇਂ ਬਿਜਲੀ ਚਮਕਦੀ ਯਾ ਨਹੀਂ, ਬਦਲ ਗਰਜਦੇ ਯਾ ਨਹੀਂ ਪਰ ਆਪ ਜੀ ਦੇ ਗਲੇ ਵਿਚੋਂ ਜ਼ਰੂਰ ਬਦਲ ਗਰਜਨਾਂ ਹੁੰਦੀ ਤੇ ਗਲੇ ਦੀਆਂ ਮੁਖਤਲਿਫ਼ ਰੰਗਾਂ ਰੰਗ ਹਰਕਤਾਂ ਰਾਹੀਂ ਬਿਜਲੀ ਚਮਕ ਭੀ ਸਰੋਤੇ ਨੂੰ ਕੁਝ ਮਹਿਸੂਸ ਹੁੰਦੀ। ਫਿਰ ਵਿਚ ਰੱਬੀ ਕਲਾਮ ਭਾਵੇਂ ਉਹ ਗਾਇਕੀ ਦੀ ਤਰਜ਼ ਵਾਲੀ ਪੰਗਤੀ ਦੇ ਰੂਪ ਵਿਚ ਹੋਵੇ ਯਾ ਪ੍ਰਮਾਣਾਂ ਦੀ ਸ਼ਕਲ ਵਿਚ ਮਸਲਨ, "ਨਾਨਕ ਬਿਜਲੀਆਂ ਚਮਕਨ ਘੁਰਨ ਘਟਾ ਅਤਿ ਕਾਲੀਆਂ" ਮੇਘੇ ਨੂੰ ਫੁਰਮਾਣ ਹੋਇਆ ਬਰਸਹੁ ਕਿਰਪਾ ਧਾਰਿ, ਸਾਵਣ ਆਇਆ ਹੇ ਸਖੀ ਕੰਤਹਿ ਚਿਤ ਕਰੇਹਿ। ਇਤਿਆਦਿਕ। ਕਦੇ ਕਦੇ ਆਪ ਜੀ ਜ਼ਬਾਨ ਬੰਦ ਕਰਕੇ ਤਬਲਾ ਨਿਵਾਜ਼ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਹਰਮੋਨੀਅਮ ਅਤੇ ਤਬਲੇ ਦਾ ਅਜਿਹਾ ਗੜ-ਗੜਾਹਟ ਭਰਿਆ ਘੋਲ ਕਰਾਉਂਦੇ ਕਿ ਅਣਜਾਣ ਸਰੋਤਾ ਭੀ ਖੁਸ਼ ਹੋ ਕੇ ਝੂਮ ਉਠਦਾ। ਇੱਥੇ ਕਲਮ ਰਾਹੀਂ ਦਾਸ ਕੀ ਬਿਆਨ ਕਰੇ ਕਿ ਉਹ ਕੈਸਾ ਆਤਮਕ ਸਵਰ ਮੁਜਸਰ ਆਉਂਦਾ ਸੀ। ਬਕੌਲ ਸਲੋਕ ਕਬੀਰ 120

❀ ਪਿਛਲੇ ਅੰਕ ਵਿੱਚ ਇਹ ਨਾਮ ਟੀ. ਐਸ. ਨਾਗਪਾਲ ਛਪ ਗਿਆ ਸੀ। ਅਸੀਂ ਖਿਮਾਂ ਚਾਹੁੰਦੇ ਹਾਂ।

ਕਿ "ਕਰਹਿ ਕੋ ਸੋਭਾ ਨਹੀਂ ਦੇਖਾ ਹੀ ਪਰਵਾਨੁ।" ਬਸ ਇੱਥੇ ਇਹ ਹੀ ਕਹਿਣਾ ਬਣਦਾ ਹੈ।

ਉਸਤਾਦ ਭਾਈ ਸਾਂਈ ਦਿੱਤਾ ਤੋਂ ਬਾਅਦ ਫਿਰ ਦਾਸ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਇਨ੍ਹਾਂ ਦੇ ਸਾਹਿਬਜ਼ਾਦੇ ਭਾਈ ਦੇਸਾ ਰਬਾਬੀ ਨੂੰ ਭੀ ਕੁਝ ਸਮਾਂ ਸਰਵਣ ਕੀਤਾ। ਇਹ ਸੱਜਣ ਵੀ ਕਿਉਂਕਿ ਉਸਤਾਦ-ਪੁੱਤਰ ਸਨ, ਗਾਇਕੀ ਦੀ ਕਲਾ ਵਿਚ ਕੋਈ ਘੱਟ ਨਹੀਂ ਸਨ। ਨਾਲੇ ਕੁਝ ਇਹ ਭੀ ਸਚਾਈ ਹੈ ਕਿ ਵਡੇ ਕਲਾਕਾਰ ਲੋਕ ਥੋੜ੍ਹੇ ਸਮੇਂ ਵਿਚ ਵੱਧ ਤੋਂ ਵੱਧ ਜੋ ਕਲਾ ਆਪਣੀ ਔਲਾਦ ਦੇ ਪੱਲੇ ਪਾ ਦਿੰਦੇ ਹਨ ਉਤਨੀ ਉਹ ਸ਼ਾਗਿਰਦਾਂ ਦੇ ਪੱਲੇ ਬਹੁਤੇ ਸਮੇਂ ਵਿਚ ਭੀ ਨਹੀਂ ਪਾਉਂਦੇ। ਕੁਝ ਇਹ ਭੀ ਅਖਾਣ ਹੈ ਕਿ ਰਬਾਬੀ ਸੱਜਣ ਦਾ ਬੱਚਾ ਤਾਂ ਮਾਂ ਦੀ ਕੁੱਖੋਂ ਨਿਕਲਦੇ ਹੀ ਸੁਰ ਵਿਚ ਰੋਂਦਾ ਹੈ। ਇਸ ਲਈ ਦੂਸਰੇ ਲੋਕ ਇਹ ਕਲਾ ਜਲਦੀ ਗ੍ਰਹਿਣ ਭੀ ਨਹੀਂ ਕਰ ਸਕਦੇ। ਖੈਰ ਭਾਈ ਦੇਸਾ ਜੀ ਇਕ ਰਿਸ਼ਟ-ਪੁਸ਼ਟ ਸਿਹਤਮੰਦ ਨੌਜਵਾਨ ਸਨ। ਭਰਵੇਂ ਸੀਨੇ ਦੇ ਜ਼ੋਰ ਨਾਲ ਜਦੋਂ ਇਹ ਸ਼ਬਦ ਬਾਣੀ ਗਾਉਂਦੇ ਤਾਂ ਸਮਾਂ ਬੰਨ੍ਹ ਦਿੰਦੇ। ਇਨ੍ਹਾਂ ਨੇ ਸ਼ਬਦ ਕੀਰਤਨ ਦੇ ਰਿਕਾਰਡ ਵੀ ਆਪਣੇ ਸਮੇਂ ਵਿਚ ਗ੍ਰਾਮੋਫੋਨ ਕੰਪਨੀਆਂ ਨੂੰ ਭਰਵਾਏ ਸਨ। ਇਨ੍ਹਾਂ ਦੀ ਚੌਕੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੰਗਤ ਦੀ ਭੀੜ ਕਾਰਨ ਕੁਝ ਸੰਗਤ ਉੱਪਰ ਪਹਿਲੀ ਛੱਤ ਤੇ ਜਾ ਬੈਠਦੀ ਅਤੇ ਕੁਝ ਉੱਥੇ ਭੀ ਜਗ੍ਹਾ ਦੀ ਤੰਗੀ ਕਰਕੇ ਬਾਰੀਆਂ ਲਾਗੇ ਖੜੀ ਹੋ ਕੇ ਕੀਰਤਨ ਸਰਵਣ ਕਰਦੀ। ਪਰ ਇਨ੍ਹਾਂ ਵਿਚ ਇਕ ਕਮਜ਼ੋਰੀ ਇਹ ਸੀ ਕਿ ਇਹ ਅਕਸਰ ਆਪਣੀ ਕਲਾ ਦੇ ਤਰਾਣ ਤੇ ਕੁਝ ਮਗਰੂਰਬੋ ਹਉਂ ਭਰੀ ਬਿਰਤੀ ਵਾਲੇ ਸਨ ਜੋ ਕਿ ਇਹ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਦੀਆਂ ਸਟੇਜਾਂ ਤੇ ਆਪਣੇ ਆਰਟ ਹੁਨਰ ਦੇ ਪ੍ਰਗਟਾਵੇ ਸਾਹਮਣੇ ਕੁਝ ਚੈਲੰਜ ਦੇ ਰੂਪ ਵਿਚ ਦੂਸਰੇ ਗਾਇਕਾਂ ਨੂੰ ਉਂਗਲ ਦਿੰਦੇ ਸਨ। ਖੈਰ ਕਮਜ਼ੋਰੀਆਂ ਤਾਂ ਹਰ ਮਨੁੱਖ ਵਿਚ ਹੁੰਦੀਆਂ ਹਨ। ਸਿਰਫ ਫਰਕ ਉਨ੍ਹਾਂ ਦੇ ਰੰਗਾਂ ਰੂਪਾਂ ਵਿੱਚ ਹੀ ਹੁੰਦਾ ਹੈ। ਗੁਰੂ ਸਾਨੂੰ ਸਭਨਾਂ ਨੂੰ ਸੁਮੱਤ ਦੇਵੇ ਕਿ ਅਸੀਂ ਇਸ ਫੁਰਮਾਣ ਕਿ "ਸਾਂਝ ਕਰੀਜੈ ਗੁਣਾਂ ਕੇਰੀ ਛਾਡਿ ਅਉਗਣ ਚਲੀਐ।" ਦੀ ਹਦਾਇਤ ਅਨੁਸਾਰ ਆਪਣਾ ਮਨ ਬਣਾ ਸਕੀਏ। ਆਪ ਜੀ ਫਿਰ ਕੁਝ ਸਮਾਂ ਫ਼ਿਲਮ ਕੰਪਨੀਆਂ ਵਿਚ ਭੀ ਸ਼ਾਇਦ ਚਲੇ ਗਏ। ਆਪ ਜੀ ਰਬਾਬੀ ਘਰਾਣੇ ਦੀ ਮਰਿਯਾਦਾ ਅਨੁਸਾਰ ਦਾੜ੍ਹੀ ਭੀ ਛੋਟੀ ਛੋਟੀ ਨਹੀਂ ਸਨ ਰਖਦੇ। ਹਾਂ ਹਾਲਾਂਕਿ ਇਨ੍ਹਾਂ ਦੇ ਪਿਤਾ ਜੀ ਮਾਨਯੋਗ ਉਸਤਾਦ ਭਾਈ ਸਾਂਈ ਦਿੱਤਾ ਜੀ ਬਹੁਤ ਹਲੀਮ, ਸਾਦਾ ਤਬੀਅਤ, ਮਿਲਣਸਾਰ ਅਤੇ ਮੁਹੱਜ਼ਬ ਬਾ-ਰੁਅਬ ਸ਼ਖਸੀਅਤ ਸਨ। ਇਕ ਸੁਚੱਜੇ ਕੀਰਤਨਕਾਰ ਹੋਣ ਦੇ ਨਾਤੇ ਆਪਣੀ ਗੌਰਵਤਾ ਨੂੰ ਕਾਇਮ ਰਖਦੇ ਸਨ। ਆਪਣੇ ਆਪ ਨੂੰ ਗੁਰੂ ਕਾ ਕੀਰਤਨੀ ਸਮਝਦੇ ਹੋਏ ਬੜੇ ਗ਼ਯੂਰ ਸਨ ਅਤੇ ਸਰੋਤੇ ਤੇ ਆਮ ਲੋਕਾਂ ਨੂੰ ਆਪਣੀ ਦਸਤਾਰ, ਰਫ਼ਤਾਰ ਤੇ ਗੁਫ਼ਤਾਰ ਰਾਹੀਂ ਹਮੇਸ਼ਾਂ ਮੁਤਾਸਿਰ ਕਰਦੇ ਸਨ।

ਉਪਰੰਤ ਦਾਸ ਨੇ ਭਾਈ ਅਨਾਇਤ ਭੱਟੀ ਜਾਗੀਰਦਾਰ ਨੂੰ ਭੀ ਸਰਵਣ ਕੀਤਾ। ਇਹ ਸੱਜਣ ਭਾਈ ਚਾਂਦ ਜੀ ਵਾਂਗ ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਦੇ ਸਾਹਮਣੇ ਬੈਠ ਕੇ

ਯਾ ਵੱਡੀਆਂ ਸਟੇਜਾਂ ਤੇ ਬੈਠ ਕੇ ਗਾਉਣ ਵਜਾਉਣ ਵਾਲੇ ਨਹੀਂ ਸਨ। ਨਾ ਹੀ ਇਹ ਕਿਧਰੇ ਮੁਲਾਜ਼ਮ ਸਨ। ਬਲਕਿ ਇਹ ਰਬਾਬੀ ਬਰਾਦਰੀ ਵਿਚ ਸਭ ਤੋਂ ਧਨਾਢ ਅਤੇ ਮਾਲਦਾਰ ਸਨ। ਆਪ ਜੀ ਆਪਣੀ ਪੈਂਠ ਨਾਲ ਰਹਿੰਦੇ ਸਨ। ਛੋਟੇ ਮੋਟੇ ਆਮ ਸ਼ਖਸ਼ ਨਾਲ ਤਾਂ ਆਪ ਗੱਲ ਭੀ ਨਹੀਂ ਸਨ ਕਰਦੇ। ਆਪ ਜੀ ਕੰਨਾਂ ਵਿਚ ਸੋਨੇ ਦੀਆਂ ਮੁਰਕੀਆਂ ਪਾਇਆ ਕਰਦੇ ਸਨ। ਆਪ ਜੀ ਦਾ ਚਿਹਰਾ ਵੀ ਕੋਇਲ ਵਰਗਾ ਕਾਲਾ ਸੀ ਅਤੇ ਨਾਲ ਹੀ ਆਪ ਜੀ ਦਾ ਗਲਾ ਕੋਇਲ ਨੂੰ ਭੀ ਸ਼ਰਮਿੰਦਾ ਕਰਦਾ ਸੀ। ਆਪ ਜੀ ਦਸ-ਵੀਹ ਸਰੋਤਿਆਂ ਵਿਚ ਹੀ ਬੜਾ ਮਿੱਠਾ ਅਤੇ ਸਵਾਦਲਾ ਗਾਇਨ ਕਰਿਆ ਕਰਦੇ ਸਨ। ਆਪ ਜੀ ਸ਼ਬਦ ਬਾਣੀ ਭੀ ਖਾਸ ਨਹੀਂ ਸਨ ਜਾਣਦੇ ਫਿਰ ਭੀ ਹਰ ਰਬਾਬੀ ਸ਼ਬਦ ਬਾਣੀ ਕੁਝ ਨਾ ਕੁਝ ਤਾਂ ਜਾਣਦਾ ਹੀ ਹੁੰਦਾ ਸੀ। ਪਰ ਆਪ ਜੀ ਯਾਰ ਲੋਕਾਂ ਦੀ ਮਹਿਫ਼ਲ ਵਿਚ ਹੀ ਅਕਸਰ ਜਾਇਆ ਕਰਦੇ ਸਨ ਯਾ ਫਿਰ ਵੱਡੇ ਵੱਡੇ ਅਮੀਰ ਹਿੰਦੂ ਮੁਸਲਿਮ, ਸਿੱਖ ਸੱਜਣ ਹੀ ਆਪ ਜੀ ਨੂੰ ਬਲਾਉਂਦੇ, ਉਹ ਭੀ ਕਿਸੇ ਸ਼ਾਦੀ ਜਾਂ ਹੋਰ ਖਾਸ ਖੁਸ਼ੀ ਦੇ ਮੌਕੇ ਤੇ ਅਤੇ ਇੰਜ ਆਪ ਜੀ ਦੀ ਝਾਲ ਝਲਦੇ। ਇਨ੍ਹਾਂ ਦੀ ਇਕ ਗਾਈ ਤਰਜ ਅਤੇ ਬੋਲ ਅੱਜ ਭੀ ਦਾਸ ਨੂੰ ਯਾਦ ਹਨ, ਜੋ ਕਿ ਭਗਵਾਨ ਰਾਮ ਦਾ ਭੀਲਣੀ ਦੇ ਬੇਰ ਕਬੂਲਣ ਵਾਲਾ ਮਜ਼ਮੂਨ ਹੈ ਜੋ ਕਿ ਇੰਜ ਹੈ : ਪਾਠਕ ਧਿਆਨ ਰੱਖਣ ਇੱਥੇ ਬੇਰ ਲਫ਼ਜ ਦੇ ਦੋ ਅਰਥ ਹਨ। ਪਹਿਲੇ ਛੇ ਵਾਰ ਤਾਂ ਬੇਰ ਦੇ ਅਰਥ ਹਨ, ਇਕ ਵਾਰੀ, ਦੋ ਵਾਰੀ, ਤਿੰਨ ਵਾਰੀ, ਚਾਰ ਵਾਰੀ। ਇਸ ਤੋਂ ਬਾਅਦ ਬੇਰ ਬੇਰ ਦੇ ਅਰਥ ਹਨ, ਘੜੀ-ਘੜੀ। ਫਿਰ ਮਾਂਗੇ ਬੇਰ ਤੋਂ ਲੈ ਕੇ ਆਖਰ ਤੱਕ, ਹਰ ਬੇਰ ਦੇ ਅਰਥ ਹਨ, ਯਾਨੀ ਬੇਰੀ ਦਾ ਫਲ, ਬੇਰ ਖਾਣ ਵਾਲਾ। "ਬੇਰ ਮਿਸਰੀ ਕੀ ਡਲੀਆਂ ਹੈ। ਘਿਓ ਖੰਡ ਕੀ ਕਲੀਆਂ ਹੈ।" "ਇਕ ਬੇਰ ਦੋ ਬੇਰ ਤੀਨ ਬੇਰ ਚਾਰ ਬੇਰ ਬੇਰ ਬੇਰ ਮਾਂਗੇ ਬੇਰ ਬੇਰ ਹੀ ਪੁਕਾਰੇ ਹੈਂ। ਸ਼ਹਿਦ ਸੇ ਯਹ ਮੀਠੇ ਔਰ ਮੀਠੇ ਸੇ ਭੀ ਮੀਠੇ ਬੇਰ ਪ੍ਰੇਮ ਔਰ ਭਾਵ ਕੇ ਯਹ ਬੇਰ ਹੀ ਤੁਮਾਰੇ ਹੈਂ।"

ਫਿਰ ਦਾਸ ਨੇ ਉਸਤਾਦ ਭਾਈ ਤਾਬਾ ਜੀ ਅਤੇ ਉਸਤਾਦ ਭਾਈ ਸੰਤੂ ਜੀ (ਪੁੱਤਰ ਉਸਤਾਦ ਭਾਈ ਮੰਨਦਾ ਤਬਲਾ ਨਿਵਾਜ਼) ਨੂੰ ਭੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਇਕੱਠੇ ਗਾਉਂਦੇ ਸੁਣਿਆ। ਭਾਈ ਤਾਬਾ ਜੀ ਭੀ ਸੰਗੀਤ ਕਲਾ ਦੇ ਬਹੁਤ ਵਿਦਵਾਨ ਉਸਤਾਦ ਸਨ। ਕਿਉਂਕਿ ਆਪ ਜੀ ਸਰੀਰ ਵਿਚ ਕੁਝ ਭਾਰੇ ਸਨ ਇਸ ਲਈ ਆਪ ਜੀ ਆਪਣੇ ਗਲੇ 'ਚੋਂ ਬਹੁਤਾ ਜ਼ੋਰ ਭਰਿਆ ਪਲਟਾ ਨਹੀਂ ਸਨ ਕਰ ਸਕਦੇ। ਪਰ ਦੂਜਿਆਂ ਨੂੰ ਸਿਖਾ ਸਕਦੇ ਸਨ। ਫਿਰ ਭੀ ਆਪ ਜੀ ਜੋ ਛੋਟੀ ਜਿਹੀ ਮੁਰਕੀ ਭੀ ਗਾਉਣ ਸਮੇਂ ਲੈਂਦੇ ਉਹ ਭੀ ਬੜੀ ਸਵਾਦਲੀ ਹੁੰਦੀ। ਪਾਰਖੂ ਗਾਇਕ ਯਾ ਸਿਆਣਾ ਸਰੋਤਾ ਸਮਝ ਲੈਂਦਾ ਹੈ ਕਿ ਇਹ ਹੈਨ ਤਾਂ ਉਸਤਾਦ ਹੀ। ਦੂਸਰੇ ਪਾਸੇ ਇਨ੍ਹਾਂ ਦੇ ਸਾਥੀ ਗਾਇਕ ਭਾਈ ਸੰਤੂ ਰਬਾਬੀ ਅਸਲ ਵਿਚ ਬਹੁਤ ਵਡੇ ਤਬਲਾ ਉਸਤਾਦ ਸਨ। ਜਦੋਂ ਕਦੇ ਕਿਧਰੇ ਸੰਗੀਤ ਬਾਰੇ ਵੱਡਾ ਪ੍ਰੋਗਰਾਮ ਹੁੰਦਾ ਤਾਂ ਤਬਲਾ ਹਰ ਲੋਕਲ ਅਤੇ ਬਾਹਰੋਂ ਆਲ ਇੰਡੀਆ ਤੋਂ ਆਏ ਗਵੱਈਆਂ ਨਾਲ ਆਪ ਜੀ ਹੀ ਵਜਾਇਆ ਕਰਦੇ ਸਨ। ਦੁਰਗਿਆਨਾ ਮੰਦਰ ਅੰਮ੍ਰਿਤਸਰ

ਲਾਗੇ ਹੋਲੀਆਂ ਵਿਚ ਹਫਤਾ ਭਰ ਹਰ ਸਾਲ ਜੋ ਰਾਗ ਸਭਾ ਹੁੰਦੀ, ਉਸ ਵਿਚ ਦਰਜਨਾਂ ਸਾਲ ਆਪ ਜੀ ਨੇ ਤਬਲਾ ਵਜਾਇਆ ਹੈ। ਇਕ ਹੋਰ ਤਬਲਾ ਉਸਤਾਦ ਭਾਈ ਨਸੀਰਾ ਜੀ ਹੁੰਦੇ ਸਨ। ਉਹ ਭੀ ਭਾਈ ਸੰਤੂ ਜੀ ਨਾਲ ਬੈਠ ਕੇ, ਹਤ ਸੰਗੀਤ ਸਭਾ ਵਿਚ ਇਵੇਂ ਹੀ ਦਰਜਨਾ ਸਾਲ ਤਬਲਾ ਵਜਾਉਂਦੇ ਰਹੇ ਹਨ।

ਹਾਂ ਇਕ ਖਾਸ ਮਹੱਤਵ ਵਾਲੀ ਗੱਲ ਇਹ ਹੈ ਕਿ ਇਹ ਦੋਨੋਂ ਰਬਾਬੀ ਸੱਜਣ ਭਾਈ ਤਾਬਾ ਅਤੇ ਭਾਈ ਸੰਤੂ ਕਾਨੜਾ ਮ: 4 ਪੜਤਾਲ ਘਰ 5 ''ਮਨ ਜਾਪਹੁ ਰਾਮ ਗੁਪਾਲ ਹਰਿ ਰਤਨ ਜਵੇਹਰ ਲਾਲ।'' ਕਿਸੇ ਖਾਸ ਗੁਰਪੁਰਬ ਦੇ ਸਮੇਂ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਦੀ ਹਜ਼ੂਰੀ ਵਿਚ ਬੈਠਕੇ ਬੜੀ ਪੁਰਾਣੀ ਰਹੁ-ਰੀਤ ਅਨੁਸਾਰ ਬੜੇ ਰਸ ਭਰੇ ਅਤੇ ਸੁਆਦਲੇ ਢੰਗ ਨਾਲ ਸੁਣਾਇਆ ਕਰਦੇ ਸਨ ਅਤੇ ਦਾਸ ਹੁਣ ਤੱਕ ਕਿਆਸ ਆਰਾਈਂ ਕਰਦਾ ਹੈ ਕਿ ਅਜਿਹੀ ਪੜਤਾਲ ਗਾਉਣਾ ਬੜੀ ਉਚੇਰੀ ਕਾਰਾਗਰੀ ਅਤੇ ਕਲਾਕਾਰੀ ਦਾ ਕੰਮ ਹੈ। ਹਾਰੀ ਸਾਰੀ ਗਾਇਕ ਇਸ ਨੂੰ ਨਹੀਂ ਗਾ ਸਕਦਾ। ਬੀਤੇ 62-63 ਸਾਲਾਂ ਤੋਂ ਦਾਸ ਨੇ ਇਹ ਪੜਤਾਲ ਸਿਵਾਏ ਇਨ੍ਹਾਂ ਤੋਂ ਕਦੇ ਕਿਸੇ ਤੋਂ ਨਹੀਂ ਸੁਣੀ। ਨਾ ਰਬਾਬੀ ਤੋਂ ਨਾ ਕਿਸੇ ਰਾਗੀ ਤੋਂ। ਜਦ ਹੁਣ ਮੌਜੂਦਾ ਦੌਰ ਵਿਚ ਅਜਿਹੇ ਰਸ ਅਤੇ ਸੁਹ ਦਾਸ ਨੂੰ ਮੁਯਸਰ ਨਹੀਂ ਹੁੰਦੇ ਤਾਂ ਪੁਰਾਣੀਆਂ ਯਾਦਾਂ ਦੀ ਜਦ ਜਿਹਨ ਵਿਚ ਗਰਦਿਸ਼ ਹੁੰਦੀ ਹੈ ਤਾਂ ਮਾਯੂਸੀ ਵਸ ਕਈ ਵਾਰ ਦਿਲ ਬੈਠਣ ਲਗਦਾ ਹੈ। ਇਥੇ ਦਾਸ ਨੂੰ ਇਕ ਹੌਕੇ ਭਰਿਆ ਉਰਦੂ ਸ਼ੇਅਰ ਯਾਦ ਆ ਗਿਆ ਹੈ ਜਿਸ ਦਾ ਪੰਜਾਬੀ ਤਰਜਮਾ ਇੰਜ ਹੈ :

ਨੌ ਜ਼ਾਦੇ ਹੈਂ ਬੇ-ਖ਼ਬਰ ਔਰ ਰਫਤਗਾਂ ਹੈਂ ਲਾ-ਪਤਾ।
ਯਾ ਖ਼ੁਦਾ ਅਬ ਕਿਸ ਸੇ ਪੂਛੇਂ ? ਯੂੰ ਮੰਜ਼ਿਲ ਕਾ ਰਾਸਤਾ।

ਸ਼ੇਅਰ ਦਾ ਮਫ਼ਹੂਮ ਯਾਨੀ ਭਾਵ ਹੈ ਕਿ ਨਵੇਂ ਜੰਮੇ ਬੱਚਿਆਂ ਨੂੰ ਕਿਸੇ ਗੱਲ ਦਾ ਪਤਾ ਨਹੀਂ ਅਤੇ ਜੋ ਬਜ਼ੁਰਗ ਵਾਹਿਗੁਰੂ ਨੂੰ ਪਿਆਰੇ ਹੋ ਚੁੱਕੇ ਹਨ ਉਨ੍ਹਾਂ ਦਾ ਕੋਈ ਐਡਰੈਸ ਪਤਾ ਨਹੀਂ ਕਿ ਕਿਹੜੀ ਜੰਨਤ ਯਾ ਸਵਰਗ ਵਿੱਚ ਹਨ ? ਐ ਪ੍ਰਭੂ ਐਸੇ ਹਾਲਾਤ ਵਿਚ ਮੰਜ਼ਲ ਦਾ ਰਸਤਾ ਹੁਣ ਅਸੀਂ ਕਿਸ ਤੋਂ ਪੁੱਛੀਏ ? ਵਾਜ਼ਿਹ ਰਹੇ ਕਿ ਭਾਈ ਸੰਤੂ ਜੀ ਹਰਮੋਨੀਅਮ ਵਜਾਉਣਾ ਨਹੀਂ ਸਨ ਜਾਣਦੇ। ਇਸ ਲਈ ਉਹ ਹੱਥ ਵਿਚ ਤਾਨ-ਪੂਰਾ ਰੱਖਿਆ ਕਰਦੇ ਸਨ। ਅੱਜ ਕਲ੍ਹ ਜੋ ਲਾਹੌਰ ਰੇਡਿਓ ਸਟੇਸ਼ਨ ਤੇ ਉਸਤਾਦ ਕਾਲੇ ਖਾਂ, ਰੇਡਿਓ ਗੀਤਾਂ ਦੀਆਂ ਯਾ ਪਾਕਿਸਤਾਨੀ ਫਿਲਮਾਂ ਦੀਆਂ ਧੁਨਾਂ ਤਿਆਰ ਕਰਕੇ ਦਿੰਦੇ ਹਨ, ਜਿਨ੍ਹਾਂ ਬਹੁਤ ਨਾਮ ਕਮਾਇਆ ਹੈ ਅਤੇ ਆਮ ਉੱਥੇ ਮਕਬੂਲ ਹਨ, ਇਹ ਗਾਲਬਨ ਉੱਪਰ ਲਿਖੇ ਉਸਤਾਦ ਭਾਈ ਤਾਬਾ ਜੀ ਦੇ ਹੀ ਸਪੁੱਤਰ ਹਨ। ਭਾਈ ਤਾਬਾ ਜੀ ਆਖ਼ੀਰਲੇ ਦੌਰ ਵਿਚ ਭਾਈ ਚਾਂਦ ਜੀ ਦੇ ਖੱਬੇ ਹੱਥ ਹਰਮੋਨੀਅਮ ਨਾਲ ਬੈਠ ਕੇ ਇਮਦਾਦੀ (Helper) ਰਹੇ ਸਨ। ਇਨ੍ਹਾਂ ਤੋਂ ਇਲਾਵਾ ਇਕ ਭਾਈ ਸੁੰਦਰ ਤੇ ਇਨ੍ਹਾਂ ਦੇ ਛੋਟੇ ਭਾਈ ਨਸੀਰਾ ਸਾਨੀ ਉਰਫ ਭਾਈ ਚਾਨਣ

ਰਾਜੇਸਾਂਸੀ ਵਾਲੇ, ਸੁਣਿਆ ਗਿਆ ਸੀ ਕਿ ਇਹ ਸੱਜਣ ਸ੍ਰੀ ਛੇਹਰਟਾ ਸਾਹਿਬ ਅੰਮ੍ਰਿਤਸਰ ਵਿਖੇ ਗੁਰਦਵਾਰੇ ਵਿਚ ਆਸਾ ਜੀ ਦੀ ਵਾਰ ਦੀ ਡਿਯੂਟੀ ਕਿਸੇ ਸਮੇਂ ਦਿਆ ਕਰਦੇ ਸਨ। ਪਰ ਦਾਸ ਨੇ ਭਾਈ ਸੁੰਦਰ ਜੀ ਨੂੰ ਬਾਹਰ ਕਿਸੇ ਹੋਰ ਥਾਂ ਤੇ ਇਕ-ਦੋ ਵਾਰ ਸੁਣਿਆ ਸੀ। ਆਪ ਜੀ ਸਿਆਣੀ ਉਮਰ ਦੇ ਕਾਲੀ-ਸਫੈਦ ਦਾੜੀ ਵਾਲੇ ਮਾਸੂਮ ਸ਼ਕਲ ਹਲੀਮ ਅਤੇ ਸਹਿਜ ਸੁਭਾਂ ਦੇ ਸਿੰਸੀਅਰ ਗਾਇਕ ਸਨ। ਉਸ ਦੌਰ ਵਿਚ ਇਹ ਭੀ ਸੁਣਿਆ ਗਿਆ ਸੀ ਕਿ ਭਾਈ ਚਾਂਦ ਜੀ ਇਨ੍ਹਾਂ ਨਾਲ ਤਬਲੇ ਦੀ ਸੇਵਾ ਨਿਭਾਉਂਦੇ ਸਨ। ਵੈਸੇ ਉਪਰੋਕਤ ਦੋਨੋਂ ਸੱਜਣ ਰਿਸ਼ਤੇ ਵਜੋਂ ਭਾਈ ਚਾਂਦੀ ਜੀ ਦੇ ਭਰਾ ਹੀ ਸਨ। ਭਾਈ ਚਾਂਦ ਜੀ ਦਾ ਸੱਕਾਂ ਛੋਟਾ ਭਾਈ; ਭਾਈ ਸੋਮਾ ਸੀ ਜੋ ਕਿ ਬਾਦ ਦੇ ਸਾਲਾਂ ਵਿਚ ਭਾਈ ਚਾਂਦ ਜੀ ਦੇ ਜਥੇ ਨਾਲ ਤਬਲਾ ਵਜਾਇਆ ਕਰਦਾ ਸੀ ਅਤੇ ਉਪਰੋਕਤ ਭਾਈ ਚਾਨਣ ਜੀ ਭਾਈ ਚਾਂਦ ਦੀ ਸਾਈਡ ਤੇ ਹਾਰਮੋਨੀਅਮ ਨਾਲ ਮਦਦ ਕਰਦੇ ਸਨ। ਭਾਈ ਚਾਨਣ ਜੀ ਦੀ ਆਵਾਜ਼ ਆਸਮਾਨ ਪਾੜਦੀ ਸੀ ਅਤੇ ਇਹ ਸਿਹਤ ਵਿਚ ਭੀ ਭਾਈ ਚਾਂਦ ਜੀ ਨਾਲੋਂ ਜ਼ਿਆਦਾ ਰਿਸ਼ਟ-ਪੁਸ਼ਟ ਅਤੇ ਮਜ਼ਬੂਤ ਸਨ। ਇਹ ਸੱਜਣ ਹਾਰਮੋਨੀਅਮ ਬਹੁਤ ਸੁਰੀਲਾ ਅਤੇ ਮੀਆਰੀ ਵਜਾਇਆ ਕਰਦੇ ਸਨ। ਅਫ਼ਸੋਸ ਅਤੇ ਦੁੱਖ ਦੀ ਗੱਲ ਇਹ ਹੋਈ ਕਿ ਇਕ ਵਾਰ ਅੰਮ੍ਰਿਤਸਰ ਦਰਬਾਰ ਸਾਹਿਬ ਕਮੇਟੀ ਦੇ ਥਰੂ ਇਹ ਤਿੰਨੇ ਸੱਜਣ ਫ਼ਿਗ ਸਾਈਡ ਵੱਲ ਕੀਰਤਨ ਦੀ ਡਿਯੂਟੀ ਤੇ ਗਏ ਹੋਏ ਸਨ ਅਤੇ ਵਾਪਸੀ ਤੇ ਜਦ ਇਹ ਕਾਰ ਵਿਚ ਅੰਮ੍ਰਿਤਸਰ ਨੂੰ ਆ ਰਹੇ ਸਨ ਤਾਂ ਰਸਤੇ ਵਿਚ ਇਨ੍ਹਾਂ ਦੀ ਕਾਰ ਦਾ ਐਕਸੀਡੈਂਟ ਹੋ ਗਿਆ। ਭਾਈ ਚਾਂਦ ਜੀ ਅਤੇ ਭਾਈ ਚਾਨਣ ਜੀ ਤਾਂ ਵਾਹਿਗੁਰੂ ਦੀ ਆਧਾਰ ਕਿਰਪਾ ਹੋਈ ਬਚ ਗਏ ਪਰ ਇਹ ਭਾਈ ਚਾਂਦ ਜੀ ਦਾ ਸੱਕਾ ਜਵਾਨ ਭਾਈ; ਭਾਈ ਸੋਮਾਂ ਉੱਥੇ ਥਾਂ ਤੇ ਹੀ ਮਾਰਿਆ ਗਿਆ। ਇੱਥੇ ਇਹ ਹੀ ਕਹਿਣਾ ਬਣਦਾ ਹੈ ਕਿ "ਕਾਲ ਤਉ ਪਹੂਚਿਓ ਆਨਿ ਕਹਾਂ ਜੈ ਹੈ ਭਾਜਿ ਰੇ।"

ਇਨ੍ਹਾਂ ਤੋਂ ਇਲਾਵਾ ਉਸ ਪੁਰਾਣੇ ਦੌਰ ਵਿਚ ਦੋ ਮਸ਼ਹੂਰ ਰਬਾਬੀ ਗਾਇਕ ਭਾਈ ਸ਼ੈਲਾ ਪਟਿਆਲਵੀ ਅਤੇ ਭਾਈ ਫੈਜ਼ ਭੀ ਮੈਦਾਨ ਵਿਚ ਸਨ। ਦਾਸ ਨੇ ਇਨ੍ਹਾਂ ਨੂੰ ਨਾ ਕਦੇ ਕੰਨੀਂ ਰੂਬਰੂ ਸਰਵਣ ਕੀਤਾ ਸੀ ਅਤੇ ਨਾ ਕਦੇ ਇਨ੍ਹਾਂ ਦੇ ਦਰਸ਼ਨ ਹੀ ਕੀਤੇ ਸਨ। ਪਰ ਗ੍ਰਾਮੋਫੋਨ ਰੀਕਾਰਡਾਂ ਵਿਚ ਇਨ੍ਹਾਂ ਦੇ ਕੁਝ ਗਾਇਨ ਆਦਿਕ ਜ਼ਰੂਰ ਸੁਣੇ ਸਨ। ਇਹ ਭਜਨ ਸ਼ਬਦ ਬਾਣੀ ਰਿਕਾਰਡ ਭੀ ਕੁਝ ਘੱਟ ਹੀ ਕਰਾਉਂਦੇ ਸਨ। ਬਾਹਰੀ ਇਸ਼ਕੋ-ਮੁਹੱਬਤ ਦੇ ਗੀਤ ਯਾ ਬੋਲ ਅਕਸਰ ਸੁਣਾਇਆ ਕਰਦੇ ਸਨ। ਕਲਾ ਦੇ ਪੱਖੋਂ ਇਨ੍ਹਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਤਰਜ਼ਾਂ ਤੇ ਧੁਨਾਂ ਅਤੇ ਗਲੇ ਦੀਆਂ ਹਰਕਤਾਂ ਇਨਸਾਨ ਨੂੰ ਬੜਾ ਮੁਤਾਸਿਰ ਕਰਦੀਆਂ ਹਨ। ਮੇਰੀ ਕਿਆਸ ਹੈ ਕਿ ਭਾਈ ਸ਼ੈਲਾ ਜੀ ਅਕਸਰ ਪਟਿਆਲੇ ਹੀ ਟਹੇ ਅਤੇ ਭਾਈ ਫੈਜ਼ ਜੀ ਲਾਹੌਰ ਵਿਚ। ਇਸ ਹਕੀਕਤ ਤੋਂ ਇਨਕਾਰ ਨਹੀਂ ਕਿ ਰਬਾਬੀ ਲੋਗਾਂ ਨੇ ਅਕਸਰ ਕਲਾਸੀਕਲ ਮਿਯੂਜ਼ਿਕ ਦੀ ਸਿੱਖਿਆ ਕਿਸੇ-ਨ ਕਿਸੇ ਤੋਂ ਜ਼ਰੂਰ ਹੀ ਲਈ ਹੁੰਦੀ ਹੈ ਦੂਸਰੇ ਇਹ ਲੋਗ ਕਿੱਤੇ-ਦਾਰ ਗਾਇਕ ਹੁੰਦੇ ਸਨ ਇਸ ਲਈ ਆਮ ਤੌਰ ਤੇ ਇਨ੍ਹਾਂ ਦੀ ਗਾਇਕੀ ਕਲਾ ਦੇ ਪੱਖੋਂ ਸ਼ਾਇਦ ਹੀ ਕਦੇ ਕਾਬਲੋ-ਇਤਰਾਜ਼

ਹੁੰਦੀ ਹੋਵੇ। ਨਾਲੇ ਜਦੋਂ ਇਹ ਲੋਗ ਪਬਲਿਕ ਸਟੇਜ ਤੇ ਆ ਜਾਂਦੇ ਸਨ ਤਾਂ ਵਿਤੋਂ ਬਾਹਰਾ ਭੀ ਜਾਨ-ਤੋੜ ਜ਼ੋਰ ਲਗਾ ਦੇਂਦੇ ਸਨ। ਭਾਈ ਸ਼ੈਲਾ ਪਟਿਆਲਵੀ ਦੇ ਸਪੁੱਤਰ ਮਾਸਟਰ ਗਨੀ ਇਸ ਸਮੇ ਲਾਹੌਰ ਵਿਚ ਹਨ। ਇਨ੍ਹਾਂ ਨੇ ਪੁਰਾਣੇ ਸਮੇਂ ਵਿਚ ਕਈ ਥੀਏਟਰਾਂ ਤੇ ਮੰਚਾਂ ਤੇ ਕੰਮ ਕੀਤਾ ਹੈ। ਚੰਗੇ ਨਾਮੀ ਉਸਤਾਦ ਹਨ। ਦਾਸ ਨੂੰ ਇਨ੍ਹਾਂ ਦੇ ਰੀਕਾਰਡਾਂ ਦੀਆਂ ਕੁਝ ਤਰਜ਼ਾਂ ਤੇ ਕੁਝ ਬੋਲ ਅਜ ਭੀ ਯਾਦ ਹਨ ਜੋ ਕਿ ਇੰਜ ਹਨ: ਬੰਸੀ ਵਾਲਿਆ ਕਾਹਨਾ ਵੇ ਮੇਰੀ ਜਿੰਦੜੀ ਨਾ ਰੋਲ " "ਪ੍ਰੇਮ ਜੇ ਉਹਦਾ ਖਿਚਕੇ ਮੈਨੂੰ ਝੋਪੜੀ ਵੱਲ ਲੈ ਗਿਆ ਫੇਰ ਨਾ ਮੈਂ ਭੀਲਣੀ ਦੇ ਬੇਰ ਖਾਵਾਂ ਕਿਸਤਰ੍ਹਾਂ ?"

> ਜ਼ਮਾਨੇ-ਹਾਲ ਦਾ ਜੀ ਸੁਣ ਲਵੋ ਹਾਲ। ਨੂੰਹਾਂ ਰਹਿੰਦੀਆਂ ਸਹੁਰਿਆਂ ਨਾਲ।
> ਹੋ ਕਿਸੇ ਕਿਹਾ ਇਹ ਕੀ ਲੋੜ ਏ ? ਸ਼ੀਸ਼ਾ ਪੱਥਰ ਨਾਲ ਟਕੋਰੇ।
> ਨੂੰਹਾਂ ਹੁੰਦੀਆਂ ਧੀਆਂ ਸਮਾਨ। ਨੂੰਹਾਂ ਰਹਿੰਦੀਆਂ ਸਹੁਰਿਆਂ ਨਾਲ।
> 'ਹੋ ਅਜ ਕਲ੍ਹ ਹੋਣ ਖਰਾਬੀਆਂ, ਅੜੀਏ ਨੀ ਰਹਿਣ ਦਿਓਰਾਂ ਦੇ ਨਾਲ ਭਾਬੀਆਂ।

ਹਾਂ। ਪਾਠਕਾਂ ਤੋਂ ਖਿਮਾਂ ਚਾਹਾਂਗਾ ਦਾਸ ਨੂੰ ਹੁਣ ਇਹ ਪੂਰਾ ਯਾਦ ਨਹੀਂ ਰਿਹਾ ਕਿ ਉਪਰੋਕਤ ਚਾਰ ਤਰਜ਼ਾਂ ਵਿਚ ਭਾਈ ਸ਼ੈਲਾ ਜੀ ਦੀਆਂ ਕਿਹੜੀਆਂ ਹਨ ਅਤੇ ਭਾਈ ਫੌਜ ਜੀ ਦੀਆਂ ਕਿਹੜੀਆਂ ਹਨ ? ਹਾਂ। ਦਾਸ ਨਵੀਂ ਨਸਲ ਦੇ ਪਾਠਕ ਸੱਜਣਾਂ ਨੂੰ ਜ਼ਰਾ ਧਿਆਨ ਦਿਵਾਉਂਦਾ ਹੈ ਕਿ ਲਾਹੌਰ ਰੇਡਿਓ ਤੋਂ ਅਜ ਕਲ੍ਹ ਸ਼ਾਮ ਨੂੰ ਪੰਜਾਬੀ ਦਰਬਾਰ ਵਿਚ ਇਕ ਭਾਈ ਲਾਲ ਰਬਾਬੀ ਕਦੇ ਕਦੇ ਗੁਰਬਾਣੀ ਸ਼ਬਦ ਸੁਣਾਉਂਦੇ ਹਨ, ਜਿਨ੍ਹਾਂ ਨੂੰ ਅਨਾਂਉਸਰ ਭਾਈ ਲਾਲ ਰਾਗੀ ਕਹਿ ਕੇ ਦਸਦੇ ਹਨ। ਇਹ ਰਾਗੀ ਉਹ ਸਵਰਗਵਾਸੀ ਉਸਤਾਦ ਫ਼ਖ਼ਰੇ ਪੰਜਾਬ ਸੰਗੀਤ ਸਾਗਰ ਖ਼ਿਤਾਬ-ਯਾਫ਼ਤਾ ਭਾਈ ਲਾਲ ਨਹੀਂ ਹਨ। ਇਨ੍ਹਾਂ ਤੇ ਉਨ੍ਹਾਂ ਦੀ ਕਲਾ ਵਿੱਦਿਆ ਵਿਚ ਇਤਨਾ ਹੀ ਫ਼ਰਕ ਹੈ ਜਿਤਨਾ ਕਿ ਇਕ ਦੀਵੇ ਅਤੇ ਸੂਰਜ ਦੀ ਰੋਸ਼ਨੀ ਵਿਚ ਹੁੰਦਾ ਹੈ। This is without Prejudice.

ਦਾਸ ਹੁਣ ਕੁਝ ਉੱਘੇ ਉੱਘੇ ਤਬਲਾ-ਵਾਦਿਕ ਰਬਾਬੀ ਕਲਾਕਾਰਾਂ ਦਾ ਜ਼ਿਕਰ ਅਰਜ਼ ਕਰਦਾ ਹੈ। ਅੰਮ੍ਰਿਤਸਰ ਦੇ Top ਅਤੇ ਮੋਸਟ ਸੀਨੀਅਰ ਕਲਾਕਾਰ ਤਾਂ ਦੋ ਹੀ ਸਨ। ਜਿਨ੍ਹਾਂ ਦਾ ਦਾਸ ਨੇ ਉੱਪਰ ਜ਼ਿਕਰ ਕੀਤਾ ਹੈ; ਭਾਈ ਸੰਤੂ ਅਤੇ ਭਾਈ ਨਸੀਰਾ ਰਬਾਬੀ। ਬਿਲਾ-ਸ਼ੁਬਾ ਇਹ ਦੋਨੋਂ ਸੱਜਣ ਵੱਡੀਆਂ ਵੱਡੀਆਂ ਸੰਗੀਤ ਸਭਾਵਾਂ ਦੇ ਸ਼ਿੰਗਾਰ ਸਨ। ਤਮਾਮ ਇੰਡੀਆ ਭਰ ਤੋਂ ਕਿਸੇ ਘਰਾਣੇ ਦਾ ਮੁਸਲਮਾਨ, ਹਿੰਦੂ ਪੰਡਿਤ ਸਿੱਖ ਗਾਇਕ ਕਿਉਂ ਨਾ ਆ ਜਾਵੇ; ਆਪ ਦੋਨੋਂ ਹੀ ਦਰਜਨਾਂ ਸਾਲ ਤਬਲੇ ਦੀ ਸੇਵਾ ਨਿਭਾਉਂਦੇ ਰਹੇ। ਜੇਕਰ ਇਕ-ਇਕ ਦਿਨ ਵਿਚ ਤਿੰਨ-ਤਿੰਨ ਸਭਾਵਾਂ ਭੀ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਹੁੰਦੀਆਂ ਤਿੰਨੇ ਟਾਈਮ ਭੀ ਆਪ ਲੋਕ ਹੀ ਉਪਸਥਿਤ ਹੁੰਦੇ ਸਨ।

ਇਨ੍ਹਾਂ ਤੋਂ ਇਲਾਵਾ ਦਾਸ ਦੇ ਪਰਮ ਮਿੱਤਰ ਭਾਈ ਸਾਹਿਬ ਭਾਈ ਚਾਂਦ ਜੀ ਖ਼ੁਦ ਅੱਛੇ ਮੀਆਰੀ ਤਬਲਾ-ਨਿਵਾਜ਼ ਸਨ। ਇਨ੍ਹਾਂ ਨੇ ਚੜ੍ਹਦੀ ਜਵਾਨੀ ਦੇ ਸਮੇਂ ਤੋਂ ਹੀ ਤਬਲਾ ਵਾਦਨ ਤੋਂ ਆਪਣੀ ਫ਼ਨਕਾਰੀ ਦਾ ਆਗਾਜ਼ ਕੀਤਾ ਸੀ। ਇਨ੍ਹਾਂ ਤੋਂ ਇਲਾਵਾ ਇਕ

ਗਯੂਰ (Self Confidence) ਵਾਲਾ ਨੌ-ਜਵਾਨ ਲੜਕਾ ਭਾਈ ਸਾਂਈ ਬੜੀ ਸੂਝ ਅਤੇ ਜ਼ਿੰਮੇਵਾਰੀ ਨਾਲ ਸ੍ਰੀ ਹਰਿਮੰਦਰ ਸਾਹਿਬ ਅੰਦਰ ਭਾਈ ਚਾਂਦ ਜੀ ਨਾਲ ਤਬਲਾ ਵਜਾਉਣ ਵਾਲਾ ਹੁੰਦਾ ਸੀ। ਪਰੰਤੂ ਇੱਥੇ ਚੇਤੇ ਰਹੇ ਕਿ ਇਹ ਉਸਤਾਦ ਭਾਈ ਸਾਂਈ ਦਿੱਤਾ ਨਹੀਂ ਸੀ। ਇਹ ਨੌਜਵਾਨ ਨਿਹਾਇਤ ਇਕਾਗਰ ਬਿਰਤੀ ਨਾਲ ਕੰਮ ਕਰਿਆ ਕਰਦਾ ਸੀ ਅਤੇ ਦਿਲ ਵਿਚ ਖੌਫ ਰੱਖਿਆ ਕਰਦਾ ਸੀ ਕਿ ਕਿਧਰੇ ਭਾਈ ਚਾਂਦ ਜੀ ਮੈਨੂੰ ਟੋਕ ਨਾ ਦੇਣ। ਕਿਉਂਕਿ ਭਾਈ ਚਾਂਦ ਜੀ ਡਿਊਟੀ ਸਮੇਂ ਅਪਣੇ ਖੱਬੇ-ਸੱਜੇ ਭਾਵੇਂ ਉਹ ਭਰਾ ਹੋਵੇ ਯਾ ਲੜਕਾ ਯਾ ਕੋਈ ਹੋਰ, ਅਗਰ ਕੁਝ ਢਿੱਲਾ ਕੰਮ ਕਰਨ ਤਾਂ ਉਸ ਦਾ ਲਿਹਾਜ਼ ਨਹੀਂ ਸਨ ਕਰਦੇ। ਅੱਖਾਂ ਦੀ ਘੂਰੀ ਨਾਲ ਉਥੇ ਹੀ ਡਾਂਟਣ ਲੱਗ ਪੈਂਦੇ। ਫਿਰ ਬਾਅਦ ਵਿਚ ਭਾਈ ਬਖਸ਼ੀ (ਪੁੱਤਰ ਭਾਈ ਸੁੰਦਰ ਜੀ), ਭਾਈ ਸੋਮਾ ਭਾਈ ਲਭੂ, ਭਾਈ ਮੁਰਾਦ (ਸਪੁੱਤਰ ਭਾਈ ਚਾਂਦ ਜੀ) ਆਦਿਕ ਚੰਗੇ ਸਿਆਣੇ ਤਬਲਾ-ਨਿਵਾਜ਼ ਰਹੇ ਹਨ। ਭਾਈ ਲਭੂ ਗ਼ਾਲਬਨ ਲਾਹੌਰ ਰਿਹਾ ਕਰਦੇ ਸਨ। ਭਾਈ ਸੋਮਾ, ਦੀ ਮੌਤ ਤੋਂ ਬਾਅਦ ਭਾਈ ਚਾਂਦ ਜੀ ਨੇ ਭਾਈ ਲਭੂ ਨੂੰ ਜਿਵੇਂ ਕਿਵੇਂ ਆਪਣੇ ਨਾਲ ਲਗਾ ਲਿਆ। ਆਪ ਜੀ ਪਗੜੀ ਖੱਬੀ ਬੰਨ੍ਹਿਆ ਕਰਦੇ ਸਨ। ਆਪ ਜੀ ਦੇ ਪੱਟੇ ਵਿਚ ਕਿਆ ਸੁਆਦ ਸੀ। ਆਪ ਜੀ ਆਟੇ ਲਗੇ ਧਾਮੇ ਤੇ (ਮੁਲਜ਼ਿਮ ਦੇ ਮੂੰਹ ਤੇ ਪੁਲਿਸ ਦੀ ਚੁਪੇੜ) ਵਾਂਗ ਜਦ ਭਰਵਾਂ ਹੱਥ ਮਾਰਦੇ ਤਾਂ ਆਟਾ ਕਿਧਰੇ ਦਾ ਕਿਧਰੇ ਉਡ-ਉਡ ਜਾਂਦਾ ਅਤੇ ਐਸੀ ਧਮਕ ਸੁਣਾਈ ਦਿੰਦੀ ਜੋ ਦਿੱਲ ਦੀ ਗਹਿਰਾਈ ਤੱਕ ਉਤਰਦੀ ਅਤੇ ਸ੍ਵਰ ਨਾਲ ਦਿਮਾਗ ਮੁਅਤਿਰਾ ਹੋ ਜਾਂਦਾ।

ਸੋ ਦਾਸ ਨੇ ਪਿੱਛੇ ਲਿਖੇ ਜੋ ਕਈ ਇਕ ਪੁਰਾਤਨ ਕਲਾਕਾਰਾਂ ਦਾ ਜ਼ਿਕਰ ਕੀਤਾ ਹੈ, ਇਹ ਕੁਝ ਉੱਘੇ-ਉੱਘੇ ਸਨ। ਇਨ੍ਹਾਂ ਤੋਂ ਇਲਾਵਾ ਹੋਰ ਕਈ ਕਲਾਕਾਰ ਭੀ ਸਨ। ਸੋ ਇਥੇ ਜਣੇ ਜਣੇ ਦਾ ਜ਼ਿਕਰ ਕਰਨਾ ਤੇ ਲਿਖਣਾ ਬਹੁਤ ਔਖਾ ਕੰਮ ਹੈ। ਸੋ ਆਪੋ ਆਪਣੀ ਜਗ੍ਹਾ ਸਭ ਚੰਗੇ ਸਨ, ਵਧੀਆ ਸਨ ਅਤੇ ਦਾਸ ਤਾਂ ਇਂਜ ਹੀ ਅਰਜ਼ ਕਰੇਗਾ ਕਿ 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ।'' ਨਾਲੇ ਗੁਰਬਾਣੀ ਦੇ ਇਸ ਫੁਰਮਾਨ ਅਨੁਸਾਰ ਕਿ "ਮੇਰੇ ਪ੍ਰਭਿ ਸਾਚੈ ਇਕੁ ਖੇਲ ਰਚਾਇਆ। ਕੋਇ ਨਾ ਕਿਸਹੀ ਜੇਹਾ ਉਪਾਇਆ।''

ਹਰ ਕਲਾਕਾਰ ਵਿਚ ਕੁਝ ਆਪਣੀ ਕਿਸਮ ਦੀ ਖੂਬੀ ਯਾ ਕਾਬਲੀਅਤ ਹੁੰਦੀ ਹੀ ਹੈ। ਕੋਈ ਦੂਜੇ ਨਾਲ ਹੂ-ਬਹੂ ਇਕੋ ਜਿਹਾ ਨਹੀਂ ਹੋ ਸਕਦਾ। ਇਹ ਮਜ਼ਮੂਨ ਹੁਣ ਕਉਂਕਿ ਕਾਫੀ ਲੰਮਾ ਹੋ ਗਿਆ ਹੈ ਇਸ ਲਈ ਇਸ ਤੋਂ ਬਾਅਦ ਦਾਸ ਭਾਈ ਸਾਹਿਬ ਭਾਈ ਚਾਂਦ ਜੀ ਰਬਾਬੀ ਦਾ ਜ਼ਿਕਰ ਅਗਲੀ ਕਿਸ਼ਤ ਵਿਚ ਕਰੇਗਾ। ਕਿਉਂਕਿ ਇਸ ਸੱਜਣ ਦਾ ਜ਼ਿਕਰ ਉਪਰ ਲਿਖੇ ਮਜ਼ਮੂਨ ਦੇ ਅੱਧ ਤੋਂ ਵੀ ਸ਼ਾਇਦ ਕੁਝ ਜ਼ਿਆਦਾ ਜਗ੍ਹਾ ਘੇਰੇਗਾ। ਫਿਲਹਾਲ ਬਤੌਰ ਨਜ਼ਰਾਨਾ-ਏ-ਅਕੀਦਤ ਭਾਈ ਚਾਂਦ ਜੀ ਬਾਰੇ ਦਾਸ ਇਕ ਪੰਜਾਬੀ ਸ਼ੇਅਰ ਇੱਥੇ ਦਰਜ ਕਰਦਾ ਹੈ ਕਿ

"ਕਿਸੇ ਸੁਭਾਗੀ ਮਾਂ ਨੇ ਹੁਣ ਤੱਕ ਨਹੀਂ ਜੰਮਿਆ ਕੋਈ ਚਾਂਦ ਮੁੜ,
ਤੂੰ ਆਪਣੀ ਮਿਸਾਲ ਆਪ ਬਣਕੇ ਬਸ ਅਪਣੀ ਨੀਂਦ ਸੌਂ ਗਿਓਂ।

ਇਸ ਤੋਂ ਇਲਾਵਾ ਦਾਸ ਚ ਹੇਗਾ ਕਿ ਉੱਪਰ ਦਰਜ ਬੈਂਡ ਮਾਸਟਰ ਖਾਂ ਸਾਹਿਬ ਆਲਮਗੀਰ ਦੀ ਨਾਨਜ਼ੀਰ ਕਾਬਲੀਅਤ ਦੀ ਭੀ ਕੁਝ ਜਾਣਕਾਰੀ ਆਪਣੇ ਅਜ਼ੀਜ਼ ਪਾਠਕਾਂ ਤੱਕ ਪਹੁੰਚਾ ਸਕੇ। ਸੋ ਇਨ੍ਹਾਂ ਦੋਹਾਂ ਅਜ਼ੀਮ ਕਲਾਕਾਰਾਂ ਜੋ ਕਿ ਇਕੋ ਕਾਮਿਲ ਉਸਤਾਦ ਦੇ ਸ਼ਾਗਿਰਦ ਸਨ, ਦਾ ਜਿਕਰ ਦਾਸ ਇਸ ਤੋਂ ਬਾਅਦ ਦੀ ਕਿਸ਼ਤ ਵਿਚ ਕਰੇਗਾ ਅਤੇ ਉਸ ਤੋਂ ਬਾਅਦ ਦਾਸ (ਬਸੂਰਤ-ਜਿੰਦਗੀ) ਕੁਝ ਉੱਘੇ ਪੁਰਾਤਨ ਰਾਗੀ ਸੱਜਣਾਂ ਦਾ ਭੀ ਜ਼ਿਕਰ ਕਰੇਗਾ।

ਇਕ ਰਬਾਬੀ ਸੱਜਣ ਜਿਸ ਤੋਂ ਦਾਸ ਨੇ ਕਦੇ ਗੁਰਬਾਣੀ ਗਾਇਨ ਕੀਤੀ ਤਾਂ ਨਹੀਂ ਸੁਣੀ ਅਤੇ ਨਾ ਕਦੇ ਇਨ੍ਹਾਂ ਦੇ ਦਰਸ਼ਨ ਹੀ ਕੀਤੇ ਸਨ ਪਰੰਤੂ ਬੀਤੇ ਦਰਜਨਾਂ ਸਾਲਾਂ ਤੋਂ ਦਾਸ ਇਨ੍ਹਾਂ ਨੂੰ ਲਾਹੌਰ ਰੇਡੀਓ ਤੋਂ ਸੁਣਦਾ ਚਲਾ ਆਇਆ ਹੈ। ਇਹ ਸੱਜਣ ਹਮੇਸ਼ਾਂ ਆਰਫਾਨਾ ਕਲਾਮ ਤੇ ਕਾਫੀਆਂ ਆਦਿਕ ਹੀ ਸੁਣਾਉਂਦੇ ਰਹੇ ਹਨ। ਫ਼ੈਹਸ਼ ਕਲਾਮ ਕਦੇ ਇਨ੍ਹਾਂ ਨਹੀਂ ਸੁਣਾਈ। ਦਾਸ ਇਨ੍ਹਾਂ ਦੀ ਗਾਇਕੀ ਤੋਂ ਅਜ-ਹਦ ਮੁਤਾਸਿਰ ਰਿਹਾ ਹੈ ਅਤੇ ਪੁਰਾਣੇ ਸਾਲਾਂ ਵਿਚ ਇਨ੍ਹਾਂ ਦੀ ਗਾਇਕੀ ਸੁਣਨ ਲਈ ਲਾਹੌਰ ਰੇਡੀਓ ਨੂੰ ਦਾਸ ਫੁਰਮਾਇਸ਼ ਭੀ ਕਰਦਾ ਰਿਹਾ ਹੈ। ਹੁਣ ਦੋ ਕੁ ਸਾਲ ਤੋਂ ਇਹ ਅੱਲਾ ਨੂੰ ਪਿਆਰੇ ਹੋ ਗਏ ਹਨ। ਇਕ ਵਾਰ ਰੇਡੀਓ ਤੋਂ ਇਨ੍ਹਾਂ ਦਾ ਇੰਟਰਵਿਊ ਸੁਣਿਆ ਤਾਂ ਇਨ੍ਹਾਂ ਦਸਿਆ ਕਿ 'ਮੈਂ ਰਬਾਬੀ ਘਰਾਣੇ ਨਾਲ ਸੰਬੰਧਿਤ ਰਿਹਾ ਹਾਂ'। ਇਨ੍ਹਾਂ ਦਾ ਸ਼ੁਭ ਨਾਮ ਸਾਈਂ ਅਖਤਰ ਹੁਸੈਨ ਸੀ। ਸਾਈਂ ਅਖਤਰ ਹੁਸੈਨ ਵਿਦੇਸ਼ਾਂ ਵਿਚ ਭੀ ਆਪਣੇ ਫਨ ਦਾ ਮੁਜਾਹਿਰਾ ਕਰ ਆਏ ਸਨ ਅਤੇ ਬਹੁਤ ਮਕਬੂਲ ਹੋਏ। ਇਹ ਹੇਠਲੀ-ਦਰਮਿਆਨੀ-ਉਪਰਲੀ ਹਰ ਆਵਾਜ਼ ਵਿਚ ਬਹੁਤ ਸੁਰੀਲਾ ਗਾਉਂਦੇ ਸਨ। ਮਿਰਜ਼ਾ ਟਾਈਪ ਤਰਜ਼ ਭੀ ਬਹੁਤ ਵਧੀਆ ਗਾਉਂਦੇ ਸਨ। ਸੋ ਇਲਮ ਦੋਸਤੀ ਦੇ ਨਾਤੇ ਦਾਸ ਦਾ ਫਰਜ਼ ਬਣ ਜਾਂਦਾ ਹੈ ਕਿ ਇਨ੍ਹਾਂ ਦਾ ਜ਼ਿਕਰ ਭੀ ਦਾਸ ਜ਼ਰੂਰ ਕਰੇ। ਸੰਗੀਤ ਪ੍ਰੇਮੀ ਇਨ੍ਹਾਂ ਨੂੰ ਲਾਹੌਰ ਰੇਡੀਓ ਤੋਂ ਸੁਣ ਸਕਦੇ ਹਨ। ਆਪ ਜੀ ਲਾਹੌਰ ਕਟੜੀ ਬਾਵੇ ਵਿਚ ਹੀ ਰਹਿੰਦੇ ਸਨ ਜਿੱਥੇ ਕਿ ਹੋਰ ਰਬਾਬੀ ਸੱਜਣ ਭੀ ਰਹਿੰਦੇ ਸਨ।

ਅੰਤ ਵਿਚ ਦਾਸ ਕੁਝ ਸੁਝਾਓ ਵੀ ਅਰਜ਼ ਕਰੇਗਾ। ਦਾਸ ਆਪਣੇ ਪਾਠਕ ਸੱਜਣਾਂ ਤੇ ਪ੍ਰਬੰਧਕਾਂ ਪਾਸੋਂ ਕਿਸੇ ਹੋਈ ਗਲਤੀ ਵਜੋਂ ਖਿਮਾਂ ਦਾ ਜਾਚਿਕ ਹੈ ਬਹੁਤ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਸਮੇਂ ਹੋ ਸਕਦਾ ਹੈ ਇਸ 74 ਸਾਲਾ ਬੁਢਾਪੇ ਦੀ ਉਮਰ ਦੇ ਸਬੱਬ ਹਾਫਿਜ਼ੇ ਦੀ ਕਮਜ਼ੋਰੀ ਕਾਰਨ ਦਾਸ ਕੁਝ ਲਿਖਣ ਲੱਗੇ ਗਲਤੀ ਭੀ ਕਰ ਗਿਆ ਹੋਵੇ। ਸੋ ਦਾਸ ਦੀ ਉਮਰ ਦੇ ਪੁਰਾਣੇ ਬਜ਼ੁਰਗ ਜਿਨ੍ਹਾਂ ਉਸ ਸਮੇਂ ਦੇ ਕਲਾਕਾਰ ਯਾ ਉਪਰ ਦਰਜ ਕੀਰਤਨਕਾਰਾਂ ਨੂੰ ਦੇਖਿਆ ਹੋਵੇ ਯਾ ਉਨ੍ਹਾਂ ਦੀ ਫਨਕਾਰੀ ਕੰਨੀਂ ਸੁਣੀ ਹੋਵੇ, ਉਹ ਦਾਸ ਦੀ ਹੋਈ ਗਲਤੀ ਨੂੰ ਜੇਕਰ Point-out ਕਰਨ ਯਾ ਜਤਾਉਣ ਤਾਂ ਦਾਸ ਉਨ੍ਹਾਂ ਦਾ ਅਤਿਅੰਤ ਧੰਨਵਾਦੀ ਹੋਵੇਗਾ। ਬਾਕੀ ਫੇਰ। ਵਾਹਿਗੁਰੂ ਰਾਖਾ।

ਆਪ ਪਾਠਕ ਸੱਜਣਾਂ ਦਾ ਦਾਸ : ਟੀ.ਸੀ. ਨਾਗਪਾਲ

46-V-1 ਕਟੜਾ ਦਲ ਸਿੰਘ, ਸ੍ਰੀ ਅੰਮ੍ਰਿਤਸਰ।

— 0 —

# *Gurbani Kirtan And Kirtaniyas*

By Principal Inder Singh Chandigarh

As for as I can recall, I was initiated to listening and even parti ipating in the Gurbani Kirtan at a rather young and tender age of about 5 years, around the year 1920 or so.

Our family resided at Gurjanwala now divisional head-quarters in Pakistan and then a district town in the un-partitioned Punjab. This historic city the birth place of the great Sikh King, Maharaja Ranjit Singh was an important hub-after Amritsar & Lahore in the Sikh religious, educational and even political affairs. In the educational fieled, Gujanwala even sloved over Amritsar and Lahore when the very first Khalsa School of the country came into being in 1889. And, it was second only to Amritsar in starting the second Khalsa College, in 1917. It claimed also the pionier status in holding the first Sikh Educational conference which later provided a nucleus in proliferating the network of Khalsa Schools in w ole of the Punjab. The slogan being "wherever the annual session of the Sikh Educational conference be held, a Khalsa school must spring up".

It enjoyed a special patronage of the renowned divine seer-Sant Atter Singh Ji of Mastuana fame through his yearly visits to Gujranwala. And what an impressive figure over 6 feet tall with a radiantly glowing face and melodious voice he was endowed with. Indeed a real saintly 'Nirmohi' and 'Tejassvi' personality, when he recited shabads in 'Jotian' stylie he alone in his commanding tone on one side and the whole sangat repeating the same thereafter, it created an atmosphere where in none-may he be a Sikh or sehajdhari-may even muslim could resist the temptation of joining the chorus. It was in such a state of ecstacy that I was completely drawn into the vortex of the Kirtan, for the first time at the Khalsa Updeshak college and orphanage Gurdwara, for which the revived sage have a special love in his sublime heart.

Though located at some distance from the city proper, the sangat flocked and converged from all the corners to the 'Yateem' Khana', as it was popularly called, when Sant ji' came then on his periodical visits.

These shabads with 'dharnas' were ricited with or without the accompaiment of 'dholak' and 'chimta', played on by purely non-professionals The next such a person to create a lasting impression on my mind was Baba Sham Singh with his solo Kirtan with a violin at the Golden Temple.

Amongst the various Ragi Jathas, Bhai Sahib Hira Singh Bhag Singh of Farooka appealed to me for their emotion-filled Kirtan and build 'Viyakhya' interspersed with 'sakhis' from the sikh history. At the age of 10, a niche was thus atched on my impressionable mind for the quality Kirtan.

Bhai Jawala Singh of Tarn Taran had in his Jatha two tabalchis-probably the only Jatha to have such an innovation. This ensemble enjoyed popularty in late 20's.

Kaka Samund Singh, later known as Bh. Samund Singh of Nankana Sahib, was then coming up as a rising star on the firmament of Gurbani Kirtaniyas. His emphasis on Kirtan in the prescribed ragas was a special feature.

In the thirties and early forties, Ragi Jathas of Bh. Santa Singh and Bhai Chand were in great demand. Where as the former excelled in pure Kirtan, the latter carried the day with his Kirtan, and expository 'Parmans' from the Gurbani itself.

Ragi Jathas of Bh. Surjan Singh and Bh. Gopal Singh, though handicapped as sightless, reigned supreme in their days. The deep sonorous voice of the former endeared him to the listeners, whereas Kirtan in mellifluous and subdried tone by the latter was the high light of the latter.

After their pre-mature passing away, the central stage in the Kirtan sphere was occupied by Prof. Darshan Singh. His high class Kirtan and scholorly exposition attracted many a fan★

# सितार एवं मिजराब

डा. डी. एस. नरुला

वर्तमान युग में सितार वाद्य को सर्वाधिक लोकप्रियता उपलब्ध है। स्कूलों कालेजों तथा गैर सरकारी संस्थाओं में सितार सीखने वालों की संख्या कण्ठ, संगीत एवं नृत्य संगीत की अपेक्षा अधिक है। शिक्षा में संगीत, एक विषय के रूप में होने से, हमारा कर्तव्य बनता है की इसके विभिन्न पक्षों पर, समीक्षात्मक, तथा वैज्ञानिक ढंग से विश्लेषण करें।

सितार वाद्य को मिजराब (त्रिकोण) से बजाया जाता है और सितार की पुस्तकों में 'गत-तोड़ों-झालों' के नीचे मिजराब के बोल भी लिखे जाते हैं जिसके फल स्वरूप, समय तथा शक्ति का दुरूपयोग तो होता ही है, साथ में पुस्तक के पृष्ठ बढ़ने से, उसकी कीमत भी बढ़ती है। इसलिए आज के महंगाई

---

★at his sessions. Bh. Harbans Singh of Jagadhari with his mellow tunes has been a close second to Prof. Darshan Singh.

Qualitity Kirtan by Ragi Jathas of Bh. Bakhshish Singh, Bh. Santa Singh Chamak Bh. Gurmel Singh, Rangila Ji, Tanji, Rasia Ji, and few others passes before me in a Kalediosсopie manner.

These days, Dr. Jagir Singh's Jatha gives quite a distinctive Kirtan performance in sehaj and 'ठहिराउ' style in a well controlled and modulated even tone.

The inducting of Kirtan Darbars has, no doubt, wheited the opetite of the Kirtan Premis but I may be pardoned to say that this has given a money spining twist and has thus promoted more a cule of "ਕੰਠਰਸ" then the intrinsic impart of the 'ਕੀਰਤੀ" and "ਜੱਸ ਗਾਇਣ" of the divinity.

Lastly, there is a dive need introduce & add new modern musical instrument by our respected ragis to lessen the monoply enjoyed by the harmonium. Guru Nanak, Dev Ji's historic rabab the most musical-sarangi-etc. are sure to heighten the effect.

भरे युग में, और द्रुतगति जीवन में संक्षेपीकरण तथा साधारणीकरण को महत्त्व दिया जाने लगा है। जिस क्रिया का कोई उद्देश्य/लाभ/हानि न हो, उस पर समय, धन और शक्ति प्रयोग करना व्यर्थ है। इसलिए हमें आज के संदर्भ में, मिजराब के बोलों पर पुनः विचार करना चाहिए, क्योंकि परम्परा अथवा धारणा को तोड़े बगैर विकास की गति द्रुत नहीं हो सकती।

सितार वादन में मिजराब के बोलों की क्या उपयोगिता है? लेखक द्वारा यह प्रश्न अनेकों सितार वादकों को पूछा गया। उनसे उपलब्ध उत्तर इस प्रकार है : स) सितार की शिक्षा मिजराब के बोलों से होती है। रे) मिजराब के बोलों से ही 'गत-तोड़' बनाये जाते हैं। ग) दायाँ हाथ मिजराब के बोलों से तैयार होता है। म) मिजराब के बिना सितार नहीं बजाया जा सकता, इस लिए मिजराब के बोलों की अनिवार्यता है।

अगर उपरोक्त धारणाओं का सूक्ष्म अध्ययन किया जाये तो निम्नलिखित निश्कर्ष निकलते है।

सा) प्रथम धारणा के विश्लेषण से पता चलता है कि सितार की शिक्षा मिजराब के बोलों से नहीं मिजराब की प्रहार विधि से आरम्भ होती है, क्योंकि सर्व प्रथम, मिजराब मारने का ढंग बताया जाता है, उसके बाद मिजराब के बोल बताये जाते है। जैसे अन्दर की बजने वाली मिजराब को 'दा' और बाहर की बजने वाली मिजराब को 'रा' कहते हैं। दूसरी महत्त्वपूर्ण बात यह है कि मिजराब के प्रहार से तार द्वारा कोई ना कोई 'स्वर' उत्पन्न होता है-'बोल' नहीं। इसलिए यह कहना तर्क संगत नहीं कि सितार की शिक्षा मिजराब के बोलों से होती है। 'बोल' केवल प्रहार विधि की संज्ञाएं है, क्रिया नहीं। बोलों के बगैर भी यह क्रिया हो सकती है। अगर मिजराब के बोलों को सैद्धान्तिक मान्यता प्रदान की जाये, तो अन्य वाद्यों को बजाने वाली वस्तुओं के 'बोलों' का प्रश्न विचारणीय होगा। क्या: सरोद की शिक्षा 'जावा' से, बेला की शिक्षा गज़ (कमानी) से, हारमोनियम की शिक्षा पंखे से, बांसुरी-फूंक से और जल तरंग की शिक्षा लकड़ी की छड़ी से उत्पन्न बोलों द्वारा दी जाती है?

ऐसे अनेकों प्रश्न के उत्तर सभी वादक कलाकारों को अनिवार्य रुप में देने चाहियें। इसलिए हमें यह मान कर आगे बढ़ना चाहिये कि 'मिजराब' एक अलग 'वस्तु' है और उसके 'बोल' एक अलग 'क्रिया' है। यथार्थ तो यह है कि मिजराब की प्रहार विधि को बोलों का नाम दिया गया है।

ख) मिजराब के बोलों से ही अगर 'गत-तोडे' बनाये जा सकते हों तो, सितार का प्रत्येक विद्यार्थी स्वयं ही गत-तोडे बना लेता, क्योंकि उसे बोलों का ज्ञान पर्याप्त रुप से होता है। लेखक ने आज तक किसी सितार वादक को मिजराब के बोलों से 'गत-तोड़े' बनाते हुए नहीं देखा। जब भी देखा : कुछ स्वरों को गुनगुनाते हुए अथवा सितार पर कुछ उलटा सीधा बजाते हुए, गत-तोडों की रचना करते हुआ देखा है। गत-तोड़ों की रचना भी केवल प्रतिभा सम्पन्न कलाकार ही कर पाते हैं, प्रत्येक व्यक्ति का बस के यह रोग नहीं है।

ग) कुछ सितार वादकों की धारणा है कि मिजराब के बोलों से ही दायाँ हाथ तैयार होता है, परन्तु यहाँ पर भी वे साधनों की अपेक्षा 'साधन' को महत्त्व दे रहे प्रतीत होते हैं क्योंकि हाथ की तैयारी का सम्बन्ध 'अभ्यास' से है, बोलों से नहीं। लेखक की यह दृढ धारणा है की औड़व षाड़व तथा सम्पूर्ण जाति के अलंकारों का नियमित अभ्यास करने से, बिना बोलों के भी 'हाथ' की तैयारी सम्भव है। उस्ताद विलायत खां साहिब ने एक अवसर पर प्रसिद्ध गायक पं. ओमकार नाथ ठाकुर को इसी बात की ओर संकेत किया था कि "हमारे वालिद साहिब हमारे लिए 5040 पलटे लिख कर छोड़ गये हैं, हम उन्हीं का अभ्यास (रियाज) करके कामयाबी हासिल कर लेंगे। संगीतांजलि (पंचम-भाग) ओमकार नाथ ठाकुर आज उनकी सफलता का रहस्य अलंकारों का विधिवत अभ्यास है, ना कि बोलों का। लेखक ने ऐसे अनेकों सितार वादक देखे व सुने है जो सितार में मिजराब के बोलों को मान्यता नहीं देते। क्या प्रवीण सितार वादक बोलों का नियमानुसार प्रयोग करते हैं ?

घ) इस बात में कोई संदेह नहीं कि बिना मिजराब के सितार-वादन पूर्ण रुप में नहीं हो सकता, परंतु इस से बोलों की उपयोगिता अथवा औचित्य सिद्ध नहीं होती। जिस प्रकार आरंभिक शिक्षा के अंतर्गत: सरोद में जावा, बेला में गज, बासुरी में फूंक अथवा उंगलि-क्रम, तथा हारमोनियम में पंखे Below को चलाने की विधि सीखनी पड़ती है, परंतु उनके बोल नहीं, उसी प्रकार से सितार की आरंभिक शिक्षा में मिजराब की प्रहार विधि सीखना आवश्यक है, इसके बोल नहीं। विशेष रूप से आरंभिक शिक्षा के पश्चात तो 'मिजराब के बोल' संगीतलिपि में लिखना एक व्यर्थ की हठधर्मी है। अगर किसी विशेष प्रकार के तोड़े में जरूरत पड़े तो वहाँ 'बल' (Stress) देने के लिए जोर से, मिजराब का बाहर की ओर प्रयोग अथवा उसका सीधा या उलटा प्रयोग स्वयं निर्धारित किया जा सकता है। जैसे किसी भाषा को सीखने के पश्चात उसे लिखते समय अक्षर-बिन्यास बोलने की आवश्यकता नहीं

रहती अथवा 'अंक-गणित' की आरंभिक शिक्षा के पश्चात उस में 'गुणा' करते समय 'पहाड़ा' Table नहीं लिखना/पढ़ना/ बोलना पड़ता। क्योंकि सीखने के वक्त कई अनावश्यक क्रियाएं भी करनी पड़ती है, सीखने के पश्चात उन्हें छोड़ दिया जाता है।

संगीतलिपि में प्रत्येक पंक्ति के नीचे मिजराब के बोलों को लिखने में क्या तुक है ? इस बात में कोई दम नहीं कि सितार की घरानेदार वादन शैली में मिजराब के बोलों का महत्वपूर्ण स्थान है। क्योंकि यहाँ भी प्रहार-विधि का ही महत्व है, बोलों का नहीं। सितार में मिजराब के बोलों को अनावश्यक महत्व दिया गया है, जब कि अन्य वाद्यों में इस तरह की तर्कहीनता नहीं है।

अंतिम प्रश्न यह है कि सितार का आकार, प्रकार, निकास तथा विकास वीणा के आधार पर हुआ है। वीणा तथा सितार की वादन विधि में भी समानता है। दोनों ही वाद्य मिजराब से बजाये जाते हैं। क्या वीणा की गतों और तोड़ों को नीचे भी मिजराब के बोल लिखे जाते हैं ? अगर नहीं तो फिर सितार के गत-तोड़ों-झालों में इन बोलों को लिखने की क्या आवश्यकता है ? अनेकों विद्वान बोलों को मान्यता नहीं देते और न ही इन्हें लिखते हैं, फिर भी हम इस अनावश्यक कसरत को करने की परंपरा क्यों निभा रहे हैं ?

अध्यक्ष संगीत विभाग

डी. ए. वी. कालेज, मलोट

# ਰਾਗ ਬਿਲਾਵਲ

**ਭਾਈ ਕੁਲਵੰਤ ਸਿੰਘ ਚੰਦਨ**
(ਹਜ਼ੂਰੀ ਰਾਗੀ ਗੁ. ਸੀਸ ਗੰਜ ਸਾਹਿਬ ਦਿੱਲੀ)

**ਵਿਵਰਣ :**—ਇਹ ਰਾਗ ਬਿਲਾਵਲ ਥਾਟ ਤੋਂ ਪੈਦਾ ਹੁੰਦਾ ਹੈ। ਇਸ ਵਿਚ ਸਭ ਸੁਰ ਸ਼ੁੱਧ ਲਗਦੇ ਹਨ। ਜਾਤੀ ਸੰਪੂਰਣ-ਸੰਪੂਰਣ ਹੈ। ਇਸ ਰਾਗ ਦਾ ਵਾਦੀ ਸੁਰ 'ਧ' ਅਤੇ ਸੰਵਾਦੀ ਸੁਰ 'ਗ' ਹੁੰਦਾ ਹੈ। ਇਸ ਰਾਗ ਦਾ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ।

**ਅਰੋਹ :**—ਸਾ ਰੇ ਗਾ, ਮ ਪ, ਧ ਨੀ ਸਂ।

**ਅਵਰੋਹ :** ਸਂ ਨੀ ਧ ਪ, ਮ ਗ ਰੇ ਸਾ।

**ਪਕੜ :** - ਗ ਰੇ ਮ ਗ, ਪ ਰੇ ਗ, ਮ ਪ ਮ ਗ।

## ਬਿਲਾਵਲ ਮਹਲਾ ੫

ਦਾਸ ਤੇਰੇ ਕੀ ਬੇਨਤੀ, ਰਿਦ ਕਰ ਪਰਗਾਸ ॥
ਤੁਮਰੀ ਕ੍ਰਿਪਾ ਤੇ ਪਾਰਬ੍ਰਹਮ, ਦੋਖਨ ਕੋ ਨਾਸ ॥੧॥
ਚਰਨ ਕਮਲ ਕਾ ਆਸਰਾ, ਪ੍ਰਭ ਪੁਰਖ ਗੁਣਤਾਸ ॥
ਕੀਰਤਨ ਨਾਮ ਸਿਮਰਤ ਰਹਉ, ਜਬ ਲਗ ਘਟਿ ਸਾਸ ॥੧॥ ਰਹਾਉ॥
ਮਾਤ ਪਿਤਾ ਬੰਧਪ ਤੂ ਹੈ, ਤੂ ਸਰਬ ਨਿਵਾਸ ॥
ਨਾਨਕ ਪ੍ਰਭ ਸਰਣਾਗਤੀ, ਜਾ ਕੋ ਨਿਰਮਲ ਜਾਸ ।੨॥

— ਪੰਨਾ ਨੰ. ੮੧੮ (818)

ਸੁਰ ਲਿਪੀ ਰਾਗ ਬਿਲਾਵਲ ਤਿੰਨ ਤਾਲ, ਮਾਤ੍ਰਾ-16 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | ਸਥਾਈ — | | | | ਗ | ਗ | ਰੇ | ਮ | ਗ | ਰੇ | ਸਾ | ਸਾ |
| | | | | | | | | ਦਾ | s | ਸ | ਤੇ | ਰੇ | s | ਕੀ | s |
| ਪ | ਪ | ਰੇ | ਗ | ਮ | ਪ | ਮ | ਗ | ਗ | ਗ | ਗ | ਗ | ਰੇ | ਗ | ਮ | ਪ |
| ਬੇ | s | s | ਨ | ਤੀ | s | s | s | — | — | ਰਿ | ਦ | ਕ | ਰ | ਪ | ਰ |
| ਗ | ਮ | ਰੇ | ਰੇ | ਨੀ਼ | ਰੇ | ਸਾ | ਸਾ | | | | | | | | |
| ਗਾ | s | s | s | ਸ | s | s | s | | | | | | | | |
| X | | | | 2 | | | | 0 | | | | 3 | | | |
| | | | | ਅੰਤਰਾ — | | | | ਪ | ਪ | ਪ | ਪ | ਨੀ | ਧ | ਨੀ | ਨੀ |
| | | | | | | | | — | ਤੁਮ | ਰੀ | ਕਿਰ | ਪਾ | s | ਤੇ | s |
| ਸਂ | ਸਂ | ਸਂ | ਸਂ | ਨੀ | ਰੇਂ | ਸਂ | ਸਂ | ਨੀ | ਨੀ | ਨੀ | ਨੀ | ਸਂ | ਸਂ | ਧ | ਪ |
| ਪਾ | s | s | ਰ | ਬ੍ਰ | ਹ | ਮ | s | — | — | — | ਦੋ | ਖ | ਨ | ਕੋ | s |
| ਗ | ਮ | ਰੇ | ਗ | ਮ | ਪ | ਮ | ਗ | | | | | | | | |
| ਨਾ | s | s | s | ਸ | s | s | s | | | | | | | | |
| X | | | | 2 | | | | 0 | | | | 3 | | | |

# ਰਾਗ ਸਾਰੰਗ

—ਹਰਿਭਜਨ ਸਿੰਘ

ਤਿਨ ਤਾਲ

ਕਾਫੀ ਅੰਗ—ਵਾਦੀ 'ਰ' —ਸਮਾਂ ਦਿਨ ਦੂਜਾ ਪਹਿਰ
ਜਾਤ ਔੜਵ – ਸੰਵਾਦੀ 'ਪ'

---

ਆਰੋਹ — ਸ ਰ ਮ ਪ ਨ ਸਂ
ਅਵਰੋਹ — ਸਂ ਨੁ ਪ ਮ ਰ ਸ
ਪਕੜ — ਨ਼ ਸ ਰ ਮ ਰ, ਪ ਮ ਰ, ਸ

---

ਸਾਰੰਗ ਮਹਲਾ ੫ (1218-19)
ਠਾਕੁਰ ਤੁਮ ਸਰਣਾਈ ਆਇਆ ॥
ਉਤਰਿ ਗਇਓ ਮੇਰੇ ਮਨ ਕਾ ਸੰਸਾ,
ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥
ਅਨਬੋਲਤ ਮੇਰੀ
ਬਿਰਥਾ ਜਾਨੀ, ਅਪਨਾ ਨਾਮੁ ਜਪਾਇਆ ॥
ਦੁਖ ਨਾਠੇ ਸੁਖ
ਸਹਜਿ ਸਮਾਏ, ਅਨਦ ਅਨਦ ਗੁਣ ਗਾਇਆ ॥੧॥
ਬਾਹ ਪਕਰਿ ਕਢਿ ਲੀਨੇ ਅਪੁਨੇ, ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ, ਬਿਛੁਰਤ ਆਨਿ ਮਿਲਾਇਆ ॥੨॥

ਸਥਾਈ —

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | ਮ | ਪ | ਸਂ | ਨੁ | ਪ | ਮ | ਰ | ਸ | ਨ਼ | ਸ |
| | | | | | | ਠਾ | ਕੁਰ | ਤੁ | ਮ | ਸ | ਰ | ਣਾ | S | ਈ | S |
| ਮ | — | ਰ | ਮ | ਪ | — | — | — | — | ਪ | ਮ | ਰ | ਸ | ਰ | ਨ਼ | ਸ |
| ਆ | S | S | S | ਇਆ | S | S | S | S | ਉਤ | ਰਿ | ਗ | ਇ | ਓ | ਮ | ਰੇ |
| ਰ | — | ਮ | — | ਪ | — | ਪ | — | — | ਪ | ਨ | ਨ | ਸਂ | ਸਂ | ਸਂ | ਨ |
| ਮ | ਨ | ਕਾ | S | ਸੰ | S | ਸਾ | S | S | ਜ | ਬ | ਤੇ | ਦ | ਰ | ਸ | ਨੁ |
| ਰਂ | — | ਸਂ | ਨੁ | ਪ | ਮ | ਮ | ਪ | | | | | | | | |
| ਪਾ | S | S | S | ਇਆ | S | ਠਾ | ਕੁਰ | | | | | | | | |

ਅੰਤਰਾ —

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | — | ਮ | ਮ | ਮ | ਪ | ਪ | ਨ | ਨ |
| | | | | | | | | | ਅ | ਨ | ਬੋ | ਲ | ਤ | ਮੇ | ਰੀ |
| ਸਂ | ਸਂ | ਸਂ | — | ਰਂ | ਨ | ਸਂ | - | — | ਪ | ਨ | ਨ | ਸਂ | - | ਸਂ | ਨ |
| ਬਿ | ਰ | ਥਾ | S | ਜਾ | S | ਨੀ | S | S | ਅ | ਪ | ਨਾ | ਨਾ | S | ਮ | ਜ |
| ਰਂ | — | ਸਂ | — | ਨੁ | — | ਪ | | — | ਪ | ਮ | ਰ | ਸ | ਰ | ਨ਼ | ਸ |
| ਪਾ | S | S | S | ਇਆ | S | S | S | S | ਦੁ | ਖ | ਨਾ | ਠੇ | S | ਸੁ | ਖ |
| ਰ | ਰ | ਮ | ਮ | ਪ | — | ਪ | — | — | ਪ | ਨ | ਨ | ਸਂ | ਸਂ | ਸਂ | ਨ |
| ਸ | ਹ | ਜਿ | ਸ | ਮਾ | S | ਏ | S | S | ਅਨ | ਦ | ਅ | ਨ | ਦ | ਗੁ | ਣ |
| ਰਂ | — | ਸਂ | ਨੁ | ਪ | ਮ | ਮ | ਪ | | | | | | | | |
| ਗਾ | S | S | S | ਇਆ | S | ਠਾ | ਕੁਰ | | | | | | | | |

# ਸੰਗੀਤ ਅਤੇ ਕੀਰਤਨ ਕੈਸਟਾਂ

## ਹਮ ਭੀਖਕ ਭੇਖਾਰੀ ਤੇਰੇ

### (ਭਾਈ ਸਾਧੂ ਸਿੰਘ ਦੇਹਰਾਦੂਨ ਵਾਲੇ)

ਭਾਈ ਸਾਧੂ ਸਿੰਘ ਪ੍ਰਸਿੱਧੀ ਦੀ ਸਿਖਰ ਤੇ ਪੁੱਜੇ ਹੋਏ ਕੀਰਤਨੀਏ ਹਨ। ਉਨ੍ਹਾਂ ਦੇ ਗਲੇ ਦੀ ਵਿਸ਼ੇਸ਼ ਮੁਰਕੀ ਅਤੇ ਕੀਰਤਨ ਧੁਨਾਂ ਦੀ ਸਾਦਗੀ ਉਨ੍ਹਾਂ ਨੂੰ ਬਾਕੀ ਕੀਰਤਨੀਆਂ ਨਾਲੋਂ ਨਿਵੇਕਲਾ ਬਣਾ ਦਿੰਦੀ ਹੈ ਬਾਜ਼ਾਰ ਵਿਚ ਉਨ੍ਹਾਂ ਦੇ ਕੀਰਤਨ ਦੀਆਂ ਅਨੇਕਾਂ ਕੈਸਟਾਂ ਉਪਲਬਧ ਹਨ। ਵਿਸ਼ਾਲ ਮਿਊਜ਼ੀਕਲ ਵਾਇਸ ਕੰਪਨੀ ਨੇ ਉਨ੍ਹਾਂ ਦੇ ਗਾਇਨ ਕੀਤੇ ਤਿੰਨ ਸ਼ਬਦਾਂ ਦੀ ਇਕ ਕੈਸਟ ਰਿਲੀਜ਼ ਕੀਤੀ ਹੈ।

ਏ ਸਾਈਡ ਤੇ ਇਕ ਸ਼ਬਦ 'ਗੁਰੂ ਕਾ ਦਰਸ਼ਨ ਦੇਖਿ ਜੀਵਾਂ' ਰਿਕਾਰਡ ਹੋਇਆ ਹੈ ਅਤੇ ਬੀ ਸਾਇਡ ਤੇ 'ਹਮ ਭੀਖਕ ਭੇਖਾਰੀ ਤੇਰੇ' ਅਤੇ 'ਗੁਰੂ ਜੀ ਕੇ ਦਰਸ਼ਨ ਕਉ ਬਲਿ ਜਾਉ' ਗਾਇਨ ਕੀਤੇ ਗਏ ਹਨ। ਇਨ੍ਹਾਂ ਤਿੰਨਾਂ ਸ਼ਬਦਾਂ ਨਾਲ ਹੀ ਵਿਆਖਿਆ ਵੀ ਕੀਤੀ ਗਈ ਹੈ।

ਭਾਈ ਸਾਹਿਬ ਗਾਇਨ ਸ਼ੈਲੀ ਦੇ ਪੱਖੋਂ ਭਾਈ ਗੁਪਾਲ ਸਿੰਘ ਦੇ ਵਾਰਿਸ ਕਹੇ ਜਾ ਸਕਦੇ ਹਨ। ਆਪ ਆਮ ਤੌਰ 'ਤੇ' ਕਹਿਰਵਾ ਤਾਲ ਵਿਚ ਕੀਰਤਨ ਕਰਦੇ ਹਨ ਪਰ ਇਸ ਕੈਸਟ ਵਿਚ ਆਪਨੇ ਸ਼ਬਦ 'ਹਮ ਭੀਖਕ ਭੇਖਾਰੀ ਤੇਰੇ' ਦਾਦਰਾ ਤਾਲ ਵਿਚ ਗਾਇਨ ਕੀਤਾ ਹੈ। ਕੈਸਟ ਦੀਆਂ ਧੁਨਾਂ ਸਾਦੀਆਂ ਸੁਗਮ ਸੰਗੀਤ ਵਾਲੀਆਂ ਹਨ। ਆਪਣੇ ਆਮ ਕੀਰਤਨ ਵਾਂਗ ਇਸ ਕੈਸਟ ਵਿਚ ਵੀ ਉਨ੍ਹਾਂ ਨਿਰਧਾਰਤ ਰਾਗ ਜਾਂ ਕਲਾਸੀਕਲ ਰੰਗ ਵਾਲੀ ਧੁਨ ਤੇ ਸ਼ਬਦ ਗਾਇਨ ਨਹੀਂ ਕੀਤਾ। ਵਿਆਖਿਆ ਵਿਚ ਭੀਖਨ ਸ਼ਾਹ ਵਾਲੀ ਸਾਖੀ ਸੁਣਾਉਂਦਿਆਂ ਮੁਸਲਮਾਨਾਂ ਦੇ ਪੱਛਮ ਦੀ ਥਾਂ ਦੱਖਣ ਵੱਲ ਸਜਦਾ ਕਰਨ ਦੀ ਗੱਲ ਕਹੀ ਗਈ ਹੈ। ਫਿਰ ਵੀ ਸੰਗਤਾਂ ਵਿਚ ਆਪ ਦੇ ਕੀਰਤਨ ਲਈ ਅਥਾਹ ਪਿਆਰ ਹੈ ਅਤੇ ਕੈਸਟ ਦੀ ਵਿਕਰੀ ਲਈ ਆਪ ਦਾ ਨਾਮ ਹੀ ਕਾਫੀ ਹੈ। ਕੈਸਟ ਦਾ ਕਵਰ ਆਕਰਸ਼ਕ ਹੈ।

## ਗੁਰੂ ਨਾਨਕ ਦੇਵ ਜੀ ਦੇ ਸ਼ਬਦ

ਅੱਜ ਕੱਲ੍ਹ ਗੁਰਬਾਣੀ ਕੀਰਤਨ ਦਾ ਬਹੁਤ ਪ੍ਰਚਾਰ ਹੈ ਪਰ ਵਿਰਲੇ ਕੀਰਤਨੀਏ ਹੀ ਸੰਗੀਤ ਦੇ ਮਿਆਰ ਤੇ ਪੂਰੇ ਉਤਰਦੇ ਹਨ। ਇਹੋ ਹਾਲ ਵੱਖ ਵੱਖ ਕੈਸਟ ਕੰਪਨੀਆਂ ਦਾ ਹੈ। ਕਲਾਸੀਕਲ ਕੀਰਤਨ ਦੀਆਂ ਕੈਸਟਾਂ ਕੱਢਣ ਲਈ ਇਕ ਅੱਧੀ ਕੰਪਨੀ ਹੀ ਯਤਨ ਕਰ ਰਹੀ ਹੈ। ਇਹ ਪ੍ਰਭਾਵ ਹੈ ਕਿ ਨਿਰਧਾਰਿਤ ਰਾਗਾਂ ਵਾਲੀਆਂ ਕੈਸਟਾਂ ਦੀ ਵਿਕਰੀ ਬਹੁਤ ਘਟ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਕਲਾਸੀਕਲ ਕੀਰਤਨ ਬੰਦ ਕਰ ਦੇਣਾ ਚਾਹੀਦਾ ਹੈ। ਕੈਸਟ ਕੰਪਨੀਆਂ ਕੀਰਤਨ ਕੈਸਟਾਂ ਤੋਂ ਕਾਫੀ ਮੁਨਾਫਾ ਕਮਾਉਂਦੀਆਂ ਹਨ, ਇਸ ਲਈ ਦਸਵੰਧ ਵਜੋਂ ਹੀ ਸਹੀ ਹਰ ਦਸਵੀਂ ਕੈਸਟ ਨਿਰੋਲ ਨਿਰਧਾਰਤ ਰਾਗਾਂ ਦੀ

ਹੋਵੇ ਜਾਂ ਹਰ ਕੈਸਟ ਵਿਚ ਘੱਟੋ ਘੱਟ ਇਕ ਸ਼ਬਦ ਨਿਰਧਾਰਤ ਰਾਗ ਵਿਚ ਹੋਣਾ ਚਾਹੀਦਾ ਹੈ। ਕੀਰਤਨੀਆਂ ਨੂੰ ਵੀ ਕੀਰਤਨ ਦਾ ਪੱਧਰ ਉੱਚਾ ਰੱਖਣ ਲਈ ਅਜਿਹਾ ਯਤਨ ਕਰਨਾ ਚਾਹੀਦਾ ਹੈ।

ਐਚ. ਐਮ. ਵੀ. ਵਾਲੇ ਭਾਵੇਂ ਵਿਕਰੀ ਪੱਖ ਨੂੰ ਧਿਆਨ ਵਿਚ ਰਖਦਿਆਂ ਸਸਤੇ ਕਿਸਮ ਦੇ ਸੰਗੀਤ ਦੀਆਂ ਕਾਫੀ ਕੈਸਟਾਂ ਤਿਆਰ ਕਰਦੇ ਹਨ। ਪਰ ਆਪਣਾ ਮਿਆਰ ਕਾਇਮ ਰੱਖਣ ਲਈ ਉਹ ਉੱਚ ਪੱਧਰ ਦਾ ਸੰਗੀਤ ਵੀ ਰਿਕਾਰਡ ਕਰਕੇ ਸਰੋਤਿਆਂ ਤਕ ਪੁਚਾਉਂਦੇ ਰਹਿੰਦੇ ਹਨ। ਗੁਰਬਾਣੀ ਕੀਰਤਨ ਦੀਆਂ ਕੈਸਟ ਵਿਚ "ਗੁਰੂ ਨਾਨਕ ਦੇਵ ਜੀ ਦੇ ਸ਼ਬਦ" ਨਾਮੀ ਕੈਸਟ ਇਸ ਪਖੋਂ ਅਨਮੋਲ ਹੈ। ਇਸ ਵਿਚ ਗੁਰੂ ਨਾਨਕ ਫਾਉਂਡੇਸ਼ਨ ਦੀ ਸਹਾਇਤਾ ਨਾਲ ਉਚ ਕੋਟੀ ਦੇ ਕੀਰਤਨੀਆਂ ਅਤੇ ਸੰਗੀਤ ਕਲਾਕਾਰਾਂ ਦੇ ਗਾਇਨ ਕੀਤੇ ਸ਼ਬਦ ਰਿਕਾਰਡ ਕੀਤੇ ਹਨ।

ਸਾਈਡ ਏ ਵਿਚ ਭੀ ਤੇਰੀ ਕੀਮਤ ਨ ਪਵੈ (ਰਾਗ ਸਿਰੀ), ਕਉਣ ਜਾਣੇ ਪੀਰ ਪਰਾਈ (ਬਿਲਾਵਲ) ਰੁਤਿ ਆਈ ਲੇ ਸਰਸ ਬਸੰਤ ਮਾਹਿ (ਬਸੰਤ) ਅਤੇ ਕਿਨ ਬਿਧਿ ਸਾਗਰ ਤਰੀਐ (ਰਾਮਕਲੀ) ਗਾਏ ਗਏ ਹਨ। ਸਾਈਡ ਬੀ ਵਿਚ-'ਮੇਰੀ ਇਛ ਪੁਨੀ ਜੀਉ' (ਗਉੜੀ ਪੂਰਬੀ), ਅਪਨੇ ਠਾਕੁਰ ਕੀ ਹਉ ਚੇਰੀ (ਸਾਗਰ), ਕਿਆ ਕਹੀਐ ਕਿਛ ਕਹੀ ਨਾ ਜਾਏ (ਭੈਰਉ) ਅਤੇ ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਨ ਅਧਾਰ (ਗੂਜਰੀ) ਗਾਇਨ ਹੋਏ ਹਨ।

ਭਾਈ ਸੋਹਣ ਸਿੰਘ, ਭਾਈ ਧਰਮ ਸਿੰਘ, ਭਾਈ ਪਿਆਰਾ ਸਿੰਘ, ਨੀਲਮ ਸਾਹਨੀ ਅਤੇ ਪਰਮਿਲਾ ਕੁਮਾਰੀ ਦੇ ਗਾਏ ਸ਼ਬਦਾਂ ਦੀ ਕੇਵਲ 18 ਰੁਪਏ ਦੀ ਇਹ ਕੈਸਟ ਸਰੋਤਿਆਂ ਲਈ ਤੋਹਫਾ ਹੈ।

## ਤੂੰ ਦਾਤਾ ਜੀਆ ਸਭਨਾ ਕਾ

ਕੀਰਤਨ : ਪ੍ਰੋ: ਭਾਗ ਸਿੰਘ

ਐਮ. ਪੀ. ਆਈ. ਲੁਧਿਆਣੇ ਦੀਆਂ ਮੁਢਲੀਆਂ ਕੈਸਟ ਕੰਪਨੀਆਂ ਵਿਚੋਂ ਇਕ ਹੈ। ਪਹਿਲਾਂ ਪਹਿਲ ਇਸ ਕੰਪਨੀ ਨੇ ਕਾਫੀ ਗਿਣਤੀ ਵਿਚ ਕੀਰਤਨ ਦੀਆਂ ਕੈਸਟਾਂ ਰਿਲੀਜ਼ ਕੀਤੀਆਂ ਸਨ। ਇਸ ਦੀ ਕਾਮਯਾਬੀ ਨੂੰ ਵੇਖ ਕੇ ਲੁਧਿਆਣਾ ਵਿਚ ਅਨੇਕਾਂ ਹੀ ਅਜਿਹੀਆਂ ਕੰਪਨੀਆਂ ਸ਼ੁਰੂ ਹੋ ਗਈਆਂ ਹਨ।

ਪ੍ਰੋ. ਭਾਗ ਸਿੰਘ ਜੀ ਦੇ ਕੀਰਤਨ ਦੀ ਇਹ ਕੈਸਟ ਐਮ. ਪੀ. ਆਈ. ਨੇ ਰਿਲੀਜ਼ ਕੀਤੀ ਹੈ। ਇਸ ਵਿਚ ਪ੍ਰੋ. ਸਾਹਿਬ ਨੇ ਦੋ ਸ਼ਬਦਾਂ ਦਾ ਗਾਇਨ ਕੀਤਾ ਹੈ। ਏ-ਸਾਈਡ ਤੇ ਸ਼ਬਦ 'ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ' ਅਤੇ ਬੀ ਸਾਈਡ 'ਤੇ 'ਮਨ ਰੇ ਥਿਰ ਰਹੁ ਮਤ ਕਤ ਜਾਹੀ ਜੀਉ' ਰਿਕਾਰਡ ਹੋਏ ਹਨ। ਇਨ੍ਹਾਂ ਸ਼ਬਦਾਂ ਵਿਚ ਕਲਾਸੀਕਲ ਰੰਗ ਨਹੀਂ ਹੈ ਪਰ ਫਿਰ ਵੀ ਪ੍ਰੋ. ਦਰਸ਼ਨ ਸਿੰਘ ਜੀ ਅਤੇ ਭਾਈ ਸਾਧੂ ਸਿੰਘ ਡੇਹਰਾਦੂਨ ਵਾਲਿਆਂ ਦੀ ਸ਼ੈਲੀ ਦਾ ਸੁਮੇਲ ਕਰਦਿਆਂ ਸੁਚੱਜੇ ਢੰਗ ਨਾਲ ਸ਼ਬਦ ਗਾਇਨ

ਕੀਤਾ ਗਿਆ ਹੈ। ਪਹਿਲਾਂ ਸ਼ਬਦ ਨੂੰ ਸਥਾਈ ਅੰਤਰਿਆਂ ਦੇ ਰੂਪ ਵਿਚ ਗਾਇਨ ਕਰ ਕੇ ਢੁੱਕਵੇਂ ਪ੍ਰਮਾਣ ਦਿਤੇ ਗਏ ਹਨ। ਕੀਰਤਨ ਦਾ ਪ੍ਰਭਾਵ ਬਝਵੇਂ ਰੂਪ ਵਿਚ ਪੈਂਦਾ ਹੈ। ਇਕ ਥਾਂ 'ਮਨ ਪਰਦੇਸੀ ਜੇ ਥੀਐ ਸਭ ਦੇਸ ਪਰਾਇਆ ਦੀ ਥਾਂ 'ਸਭ ਸਾਥ ਪਰਾਇਆ' ਗਲਤੀ ਨਾਲ ਰਿਕਾਰਡ ਹੋ ਗਿਆ ਹੈ। ਆਸ ਕਰਦੇ ਹਾਂ ਇਸ ਕੰਪਨੀ ਰਾਹੀਂ ਫਿਰ ਕੁਝ ਉੱਚ ਪੱਧਰੀ ਕੀਰਤਨ ਦੀਆਂ ਕੈਸਟਾਂ ਸੁਣਨ ਨੂੰ ਮਿਲਣਗੀਆਂ।

## ਸ਼ਬਦ ਸਤਿਸੰਗ

ਕੈਸਟ ਕੀਰਤਨ ਦਾ ਰਿਵਾਜ ਵਧਣ ਨਾਲ ਕੀਰਤਨ ਦੇ ਮਿਆਰ ਵਿਚ ਭਾਵੇਂ ਵਾਧਾ ਨਾ ਵੀ ਹੋਇਆ ਹੋਵੇ ਪਰ ਨਵੇਂ ਨਵੇਂ ਕੀਰਤਨੀਆਂ ਨੂੰ ਆਪਣਾ ਕੀਰਤਨ ਸੁਣਾਉਣ ਦਾ ਮੌਕਾ ਮਿਲਣਾ ਇਕ ਚੰਗੀ ਗੱਲ ਹੈ। ਲੁਧਿਆਣੇ ਦੀ ਕੈਪੀਟਲ ਕੈਸਟ ਇੰਡਸਟਰੀ ਨੇ 'ਗੁਰਬਾਣੀ ਪ੍ਰਕਾਸ਼' ਅਤੇ ਸ਼ਬਦ ਸਤਿਸੰਗ' ਬੈਨਰ ਥੱਲੇ ਭਾਈ ਬਲਕਾਰ ਸਿੰਘ ਜੀ ਮੁਲਤਾਨੀ ਦੇ ਕੀਰਤਨ ਦੀ ਕੈਸਟ ਰਿਲੀਜ਼ ਕੀਤੀ ਹੈ। ਇਸ ਕੈਸਟ ਵਿਚ ਭਾਈ ਸਾਹਿਬ ਨੇ ਛੇ ਸ਼ਬਦ ਗਾਇਨ ਕੀਤੇ ਹਨ : ਅਵਲਿ ਅਲਹ ਨੂਰ ਉਪਾਇਆ, ਹਰਿ ਬਿਨ ਰਹਿ ਨ ਸਕੈ ਮਨ ਮੇਰਾ, ਮੇਰੇ ਸਾਹਿਬ ਤੂੰ ਮੈ ਮਾਣ ਨਿਮਾਣੀ, ਪ੍ਰਾਨ ਗਏ ਸਾਗਰ ਮਿਲੈ ਫੁਨਿ ਕਾਮ ਨ, ਮੇਰੇ ਲਾਲ ਜੀਉ, ਏਤੀ ਮਾਰ ਪਈ ਕਰਲਾਣੈ'। ਭਾਈ ਸਾਹਿਬ ਦੀ ਆਵਾਜ਼ ਸੁਰੀਲੀ ਹੈ। ਇਨ੍ਹਾਂ ਨੂੰ ਲੈਅ-ਤਾਲ ਦੀ ਵੀ ਚੰਗੀ ਸੂਝ ਜਾਪਦੀ ਹੈ। ਇਸ ਕੈਸਟ ਦੇ ਕੀਰਤਨ ਤੋਂ ਉਨ੍ਹਾਂ ਦੇ ਰਿਆਜ਼ ਦੀ ਝਲਕ ਵੀ ਮਿਲਦੀ ਹੈ। ਪਰ ਕੈਸਟ ਵਿਚ ਪ੍ਰੰਪਰਿਕ ਸ਼ੈਲੀ ਵਾਲਾ ਕੀਰਤਨ ਸੁਣਨ ਨੂੰ ਨਹੀਂ ਮਿਲਦਾ।

ਅਜੋਕੇ ਕੈਸਟ-ਸੁਗਮ-ਸੰਗੀਤ ਦੀ ਪ੍ਰਤੀ ਧੁਨੀ ਗੂੰਜਦੀ ਹੈ। ਗੁਲਾਮ ਅਲੀ ਦੀ ਗਾਇਕੀ ਦੀ ਨਕਲ ਕਰਨਾ ਕੋਈ ਸੌਖਾ ਕੰਮ ਨਹੀਂ ਪਰ ਗੁਰਬਾਣੀ ਦੀਆਂ ਕੈਸਟਾਂ ਵਿਚ ਉਹਦੇ ਗੀਤਾਂ ਦਾ ਹੂ-ਬ-ਹੂ ਸੰਗੀਤ ਗੂੰਜਣਾ ਅਣਉਚਿਤ ਹੈ। ਅਤੁਲ ਸ਼ਰਮਾ ਨੂੰ ਕੀਰਤਨ ਵਿਚ ਸੰਗੀਤ ਦੇਣ ਦੀ ਮੁਹਾਰਤ ਹਾਸਲ ਹੋ ਗਈ ਹੈ ਪਰ ਜੇ ਇਹ ਸੰਗੀਤ ਗਾਇਨ ਨਾਲੋਂ ਘੱਟ ਹੋਵੇ ਤਾਂ ਵਧੇਰੇ ਪ੍ਰਭਾਵ ਪਵੇਗਾ। ਸ਼ਬਦ ਗਾਇਨ ਦੀ ਸਪਸ਼ਟਤਾ, ਜਗਦੀਸ਼ ਸਿੰਘ ਰਾਹੀਂ ਕੀਤੀ ਵਧੀਆ ਰਿਕਾਰਡਿੰਗ ਅਤੇ ਸਰੋਤਿਆਂ ਦਾ ਕੀਰਤਨ ਕੈਸਟਾਂ ਪ੍ਰਤੀ ਰੁਝਾਨ ਇਸ ਕੈਸਟ ਦੀ ਵਿਕਰੀ ਵਿਚ ਵਾਧਾ ਕਰੇਗਾ।

## ਸਿੰਘ ਬੰਧੂਆਂ ਵਲੋਂ ਸ਼ਬਦ ਗਾਇਨ

ਸਿੰਘ ਬੰਧੂ ਕਲਾਸੀਕਲ ਸੰਗੀਤ ਦੇ ਨਾਲ ਨਾਲ ਗੁਰਬਾਣੀ ਕੀਰਤਨ ਵਿਚ ਵੀ ਹੁਣ ਜਾਣਿਆ ਪਛਾਣਿਆ ਨਾਮ ਹੈ। ਦੂਰਦਰਸ਼ਨ ਉੱਤੇ ਉਨ੍ਹਾਂ ਵੱਲੋਂ 'ਗਾਵਹੁ ਸਾਚੀ ਬਾਣੀ' ਪ੍ਰੋਗਰਾਮ ਅਧੀਨ ਕੀਰਤਨ ਦੇ ਕਈ ਵਧੀਆ ਪੱਖ ਪੇਸ਼ ਹੋਏ ਹਨ। ਸਿੰਘ ਬੰਧੂਆਂ ਵਲੋਂ ਗਾਇਨ ਕੀਤੇ ਸ਼ਬਦਾਂ ਦੀਆਂ ਟੇਪਾਂ ਮਾਰਕੀਟ ਵਿਚ ਉਪਲਬਧ ਹਨ। 'ਸੁਪਰ ਸਾਉਂਡ ਇੰਡਸਟਰੀ' ਨੇ ਬੰਗਲਾ ਸਾਹਿਬ ਵਿਖੇ ਸਿੰਘ ਬੰਧੂਆਂ ਵਲੋਂ ਕੀਤੇ ਸ਼ਬਦ ਗਾਇਨ ਦੀ ਇਕ ਟੇਪ ਰਿਲੀਜ਼ ਕੀਤੀ ਹੈ।

ਇਸ ਟੈਪ ਵਿਚ ਮੂਲ ਮੰਤਰ ਸਮੇਤ ਪੰਜ ਸ਼ਬਦ ਗਾਇਨ ਕੀਤੇ ਗਏ ਹਨ। ਸਤਿਗੁਰ ਨਾਨਕ ਪ੍ਰਗਟਿਆ, ਗੁਰਿ ਨਾਨਕ ਮੇਰੀ ਪੈਜ ਸਵਾਰੀ, ਜਾਹਰ ਪੀਰ ਜਗਤ ਗੁਰ ਬਾਬਾ ਅਤੇ ਮੇਰੇ ਲਾਲ ਜੀਉ ਤੇਰਾ ਅੰਤ ਨ ਜਾਣਾ ਕਲਾਸੀਕਲ ਰੰਗ ਵਿਚ ਪੇਸ਼ ਹੋਏ ਹਨ। ਭਾਵੇਂ ਇਸ ਕੈਸਟ ਵਿਚ ਸ਼ਬਦਾਂ ਦਾ ਗਾਇਨ ਨਿਰਧਰਿਤ ਰਾਗਾਂ ਅਨੁਸਾਰ ਨਹੀਂ ਕੀਤਾ ਗਿਆ ਪਰ ਫਿਰ ਵੀ ਸਿੰਘ ਬੰਧੂਆਂ ਦੀ ਆਪਣੀ ਸ਼ੈਲੀ ਵਿਚ ਬਸੰਤ, ਬਹਾਰ, ਕਲਾਵਤੀ, ਭੂਪ ਕਲਿਆਣ ਆਦਿ ਰਾਗਾਂ ਦੀਆਂ ਸੁਰਾਂ ਦਾਂ ਅਨੰਦ ਮਾਣਿਆ ਜਾ ਸਕਦਾ ਹੈ। ਪ੍ਰੋ. ਜੁਗਿੰਦਰ ਸਿੰਘ ਦੀ ਕੁਮੈਂਟਰੀ ਨੇ ਇਸ ਸ਼ਬਦ ਗਾਇਨ ਨੂੰ ਵਧੇਰੇ ਭਾਵਪੂਰਤ ਬਣਾ ਦਿੱਤਾ ਹੈ। ਸਿੰਘ ਬੰਧੂ ਉਸਤਾਦ ਅਮੀਰ ਖ਼ਾਂ ਸਾਹਿਬ ਦੇ ਸ਼ਾਗਿਰਦ ਹਨ। ਸਾਡੀ ਕਾਮਨਾ ਹੈ ਕਿ ਇਨਾਂ ਦੇ ਗਾਇਨ ਵਿਚ ਵੀ ਖਾਂ ਸਾਹਿਬ ਦੇ ਗਾਇਨ ਵਿਚਲੀ ਸ਼ਾਂਤੀ, ਸਹਿਜਤਾ ਅਤੇ ਗਹਿਰਾਈ ਸੁਣਨ ਨੂੰ ਮਿਲਦੀ ਰਹੇ।

**ਜ. ਸ.**

## ਨਾਮੁ ਜਪਹੁ

ਨਵੀਂ ਦਿੱਲੀ ਦੀ ਧਾਰਮਿਕ ਕੈਸਿਟਾਂ ਰਿਲੀਜ਼ ਕਰਨ ਵਾਲੀ ਕੈਸਿਟ ਕੰਪਨੀ 'ਗੁਰਬਾਣੀ ਰਸ' ਵਾਲਿਆਂ ਨੇ ਪਿੱਛੇ ਜਿਹੇ ਨਵੇਂ ਕੀਰਤਨੀ ਜਥੇ ਦੀ ਗਾਇਨ ਕੀਤੀ ਸ਼ਬਦ ਗੁਰਬਾਣੀ ਦੀ ਕੈਸਿਟ 'ਨਾਮੁ ਜਪਹੁ' ਟਾਈਟਲ ਹੇਠ ਰਿਲੀਜ਼ ਕੀਤੀ ਹੈ। ਭਾਈ ਬਲਕਾਰ ਸਿੰਘ (ਲੁਧਿਆਣੇ ਵਾਲੇ) ਅਤੇ ਉਹਨਾਂ ਦੇ ਸਾਥੀਆਂ ਦੇ ਗਾਇਨ ਕੀਤੇ ਸ਼ਬਦ ਸੁਣਦਿਆਂ ਆਨੰਦ ਆਉਂਦਾ ਹੈ। ਕੈਸਿਟ ਦੀ 'ਏ' ਸਾਈਡ ਵਿਚ 'ਨਾਮੁ ਜਪਹੁ ਮੇਰੇ ਸਾਜਨ' ਤੂੰ ਮੇਰਾ ਤਰੰਗ ਹਮ ਮੀਨ ਤੁਮਾਰੇ', ਰਾਖ ਪਿਤਾ ਪ੍ਰਭ ਮੇਰੇ, ਏਕ ਤੂਹੀ ਏਕ ਤੂਹੀ ਤੂਹੀਂ ਚਾਰ ਸ਼ਬਦਾਂ ਦਾ ਗਾਇਨ ਆਪਣੇ ਹੀ ਅੰਦਾਜ਼ ਵਿਚ ਕੀਤਾ ਹੈ। ਕੈਸਿਟ ਦੀ 'ਬੀ' ਸਾਈਡ ਵਿਚ 'ਲੱਖ ਖੁਸੀਆਂ ਪਾਤਸ਼ਾਹੀਆਂ', 'ਗੱਲੀਂ ਅਸੀਂ ਚੰਗੀਆਂ' ਅਤੇ 'ਤੇਰਾ ਥਾਨ ਸੁਹਾਵਾ' ਤਿੰਨ ਸ਼ਬਦ ਬੜੀ ਹੀ ਖੂਬਸੂਰਤੀ ਨਾਲ ਨਿਭਾਏ ਹਨ। ਕੈਸਿਟ ਦੀ ਰਿਕਾਰਡਿੰਗ ਦਿੱਲੀ ਦੇ ਕਲਿਆਣੀ ਸਟੂਡੀਓ ਵਿਚ ਰਿਕਾਰਡਿਸਟ ਸੁਰਿੰਦਰ ਗਾਂਧੀ ਦੇ ਹੱਥਾਂ ਦੀ ਹੋਈ ਹੈ। ਭਾਵੇਂ ਇਹ ਭਾਈ ਬਲਕਾਰ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਗਾਇਨ ਕੀਤੀ ਪਹਿਲੀ ਕੈਸਿਟ ਹੈ, ਪ੍ਰੰਤੂ ਫਿਰ ਵੀ ਸਰੋਤਿਆਂ ਵਲੋਂ ਇਸ ਕੈਸਿਟ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਕਰਨੈਲ ਸਿੰਘ 'ਸਿਵੀਆ'

## ਦੇਵਨ ਕਉ ਏਕੈ ਭਗਵਾਨ

ਫਗਵਾੜੇ ਦੇ ਨਰਿੰਦਰ ਠੁਕਰਾਲ ਨੇ ਕਰੀਬ ਅੱਧਾ ਕੁ ਦਹਾਕਾ ਪਹਿਲਾਂ ਗੀਤਾਂ ਦੀਆਂ ਰਿਕਾਰਡ ਡਿਸਕਾਂ ਤਿਆਰ ਕਰਨੀਆਂ ਸ਼ੁਰੂ ਕੀਤੀਆਂ ਸਨ। ਪਰ ਜਿਉਂ ਜਿਉਂ 'ਕੈਸਟ ਕਲਚਰ' ਯੁਗ ਜ਼ੋਰ ਫੜਦਾ ਗਿਆ ਨਰਿੰਦਰ ਦੀ ਟੀ. ਐਮ. ਸੀ. ਕੰਪਨੀ ਸਥਾਪਿਤ ਹੁੰਦੀ ਗਈ। ਇਹ ਗੱਲ ਵਰਨਣਯੋਗ ਹੈ ਕਿ ਜਿੱਥੇ ਇਸ ਕੰਪਨੀ ਨੇ ਵਧੀਆ ਕਿਸਮ ਦੀਆਂ

ਕੈਸਟਾਂ ਪੰਜਾਬੀ ਲੋਕਾਂ ਦੀ ਝੋਲੀ ਪਾਈਆਂ ਹਨ ਉੱਥੇ ਕੁਝ ਅਸਲੋਂ ਹੀ ਨਵੇਂ ਕਲਾਕਾਰਾਂ ਨੂੰ ਅੱਗੇ ਆਉਣ ਦਾ ਪੂਰਾ ਮੌਕਾ ਦਿੱਤਾ ਹੈ।

ਸ਼ਬਦ ਕੀਰਤਨ ਦੀ ਟੀ. ਐਮ. ਸੀ. ਵੱਲੋਂ ਤਾਜ਼ਾ ਰਲੀਜ਼ ਕੈਸਟ 'ਦੇਵਨ ਕਉ ਏਕੈ ਭਗਵਾਨ' ਜੋ ਭਾਈ ਰਘਬੀਰ ਸਿੰਘ ਤੇ ਉਹਦੇ ਸਾਥੀਆਂ ਦੀ ਆਵਾਜ਼ ਨਾਲ ਮਾਰਕੀਟ ਵਿਚ ਆਈ ਹੈ। ਸ਼ਬਦ ਕੀਰਤਨ ਕਰਨ ਵਾਲੇ ਇਸ ਜਥੇ ਦਾ ਭਾਵੇਂ ਇਹ ਪਹਿਲਾ ਉਦੱਮ ਹੈ ਪਰ ਕੰਪਨੀ ਤੇ ਜਥਾ ਆਪਣੇ ਉੱਦਮ ਵਿਚ ਪ੍ਰੀਵਨਤਾ ਨਾਲ ਸਫਲ ਹੈ। ਕੈਸਟ ਵਿਚ ਕੁਲ ਪੰਜ ਸ਼ਬਦ ਹਨ। ਦਿਸ਼ਾ 'ਏ' ਦਾ ਟਾਈਟਲ ਸ਼ਬਦ ਮਨੁੱਖ ਕੋ ਟੇਕ ਬਿਰਥੀ ਸਭ ਜਾਨ-ਦੇਵਨ ਕਉ ਏਕੈ ਭਗਵਾਨ ਇੰਨੇ ਰੱਸ ਭਿੱਜਾ ਹੈ ਕਿ ਵਾਰ ਵਾਰ ਸੁਣਨ ਨੂੰ ਜੀਅ ਕਰਦਾ ਹੈ। 'ਆਪੁਨੇ ਸੇਵਕ ਕੀ ਆਪੇ ਰਾਖੈ - ਆਪੇ ਨਾਮ ਕਮਾਵੈ... ਤੇ ਰਾਜਨ ਕਉਨ ਤੁਮਾਰੇ ਆਵੈ ..' ਸ਼ਬਦ ਵੀ ਜਥੇ ਦੀਆਂ ਮੁਰਕੀਆਂ ਦੀ ਤਲਾਸ਼ ਕਰਦੇ ਹਨ। ਦਿਸ਼ਾ 'ਬੀ' ਦੇ ਦੋਵੇਂ ਸ਼ਬਦ ਕੋਉ ਹਰਿ ਸਮਾਨਿ ਨਹੀਂ। ਰਾਜ ਤੇ ਸੁਖੀ ਵਸੈ ਮਸਕੀਨੀਆਂ...' ਵੀ ਜ਼ਿਕਰਯੋਗ ਹਨ। ਕੈਸਟ ਵਿਚ ਕਈ ਤਰ੍ਹਾਂ ਦੀਆਂ ਉਣਤਾਈਆਂ ਹਨ, ਪਰ ਫੇਰ ਵੀ ਕਿਉਂਕਿ ਜਥੇ ਦਾ ਪਹਿਲਾ ਉਦੱਮ ਹੈ। ਇਸ ਕਰਕੇ ਅਜਿਹੀਆਂ ਗੱਲਾਂ ਤੋਂ ਹਾਲ ਦੀ ਘੜੀ ਮੁੱਖ ਵੱਟਿਆ ਜਾ ਸਕਦਾ ਹੈ। ਭਾਈ ਰਘਬੀਰ ਸਿੰਘ ਨਾਲ ਜਥੇ ਵਿਚ ਭਾਈ ਹਰਮੇਸ਼ ਸਿੰਘ ਹਨ। ਸੰਗੀਤ ਅਤੁਲ ਸ਼ਰਮਾ ਦਾ ਹੈ। ਦੁਆਬੇ ਦਾ ਇਹ ਜਥਾ ਇੱਕ ਹੋਰ ਵਜ੍ਹਾ ਨਾਲ ਵੀ ਪ੍ਰਸਿੱਧ ਹੈ ਕਿ ਜੋ ਵੀ ਮਾਇਆ ਇਸ ਜਥੇ ਨੂੰ ਪ੍ਰੋਗਰਾਮਾਂ ਰਾਹੀਂ ਮਿਲਦੀ ਹੈ ਉਹ ਪੰਥਕ ਕਾਰਜਾਂ ਲਈ ਵਰਤੀ ਜਾਂਦੀ ਹੈ। ਇਹ ਸਿੱਖ ਪੰਥ ਲਈ ਸੇਵਾ ਭਾਵਨਾ ਹੀ ਹੈ ਕਿ ਜਥੇ ਦਾ ਕੋਈ ਵੀ ਮੈਂਬਰ ਕੌਡੀ ਨਹੀਂ ਲੈਂਦਾ। ਕੈਸਟ ਕਾਮਯਾਬ ਹੈ, ਤੇ ਜੋ ਚਾਰ ਦਮੜੇ ਬਚਣਗੇ ਉਹ ਵੀ ਸਿੱਖੀ ਦੇ ਪ੍ਰਚਾਰ ਲਈ ਵਰਤੇ ਜਾਣਗੇ।

— ਐੱਸ. ਅਸ਼ੋਕ ਭੌਰਾ

## ਖਾਲਸਾ ਰਾਜ ਦਾ ਪਹਿਲਾ ਸਿੱਕਾ

ਭਾਈ ਬਲਵਿੰਦਰ ਸਿੰਘ ਰੰਗੀਲਾ ਦੀਆਂ ਗਾਇਨ ਕੀਤੀਆਂ ਪਹਿਲੀਆਂ ਕੈਸਟਾਂ ਕਾਫੀ ਮਕਬੂਲ ਰਹੀਆਂ ਹਨ। ਕਾਫੀ ਸਮੇਂ ਤੋਂ ਭਾਈ ਸਾਹਿਬ ਦੀ ਕੋਈ ਨਵੀਂ ਕੈਸਟ ਮਾਰਕੀਟ ਵਿਚ ਨਾ ਆਉਣ ਕਰਕੇ ਸ੍ਰੋਤਿਆਂ ਵੱਲੋਂ ਇਸ ਨਵੀਂ ਕੈਸਟ ਖਾਲਸਾ ਰਾਜ ਦਾ ਪਹਿਲਾ ਸਿੱਕਾ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕੈਸਟ ਦੇ ਦੋਹੀਂ ਪਾਸੀਂ ਇਕੋ ਸ਼ਬਦ ਦਾ ਗਾਇਨ ਕੀਤਾ ਗਿਆ ਹੈ। ਭਾਈ ਬਲਵਿੰਦਰ ਸਿੰਘ ਰੰਗੀਲਾ ਦਾ ਵਿਆਖਿਆ ਕਰਨ ਦਾ ਆਪਣਾ ਵੱਖਰਾ ਹੀ ਅੰਦਾਜ਼ ਹੈ। ਇਸ ਕੈਸਟ ਵਿਚ ਭਾਈ ਸਾਹਿਬ ਨੇ ਬੰਦਾ ਸਿੰਘ ਬਹਾਦਰ ਦੀ ਮੁੱਢਲੀ ਜੀਵਨੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਨਾਲ ਉਸ ਦਾ ਮੇਲ ਹੋਣ ਦੀ ਸਰਹਿੰਦ ਨੂੰ ਫਤਹਿ ਕਰਨ ਅਤੇ ਖਾਲਸਾ ਰਾਜ ਦੇ ਪਹਿਲੇ ਸਿੱਕੇ ਦੀ ਕਥਾ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਹੈ। ਭਾਈ ਬਲਵਿੰਦਰ ਸਿੰਘ ਰੰਗੀਲਾ ਦੀ ਗਾਇਨ ਕੀਤੀ ਇਸ ਨਵੀਂ ਕੈਸਟ ਦੀ ਹਰ ਪੱਖੋਂ ਜਿੰਨੀ ਵੀ ਸਿਫਤ ਕੀਤੀ ਜਾਵੇ, ਉਨੀ ਹੀ ਥੋੜ੍ਹੀ ਹੋਵੇਗੀ।

ਕਰਨੈਲ ਸਿੰਘ ਸਿਵੀਆ

## ਝੱਲਿਆਂ ਦਿਲਾ ਵੇ

ਹਾਕਮ ਸੂਫ਼ੀ ਦੀ ਅਤੁਲ ਸ਼ਰਮਾ ਨਾਲ ਵਾਹਵਾ ਸੀਟੀ ਰਲਦੀ ਹੈ ਤੇ ਦਾਲ ਗਲਦੀ ਹੈ। ਹਰੇਕ ਕੈਸਟ ਵਾਂਗ ਇਸ ਵਾਰ ਵੀ ਹਾਕਮ ਦੇ ਗੀਤਾਂ ਨੂੰ ਅਤੁਲ ਨੇ ਹੀ ਸੰਗੀਤ-ਬੱਧ ਕੀਤਾਂ ਹੈ। ਕੈਸੇਟ ਦਾ ਨਾਂਅ 'ਝੱਲਿਆ ਦਿਲਾ ਵੇ' ਰੱਖਿਆ ਤੇ ਇਸ ਨੂੰ ਰਿਲੀਜ਼ ਕੀਤਾ ਹੈ ਬਠਿੰਡਾ ਦੀ 'ਨੀਰ' ਕੰਪਨੀ ਨੇ।

ਅੱਠ ਗੀਤਾਂ ਦੀ ਇਸ ਕੈਸੇਟ ਵਿਚ ਸਾਈਡ-2 ਦਾ ਪਹਿਲਾ ਗੀਤ ਕਮਾਲ ਦਾ ਹੈ: "ਕਿਤੋਂ ਸੁਣ ਲੈ ਸੋਹਣਿਆ ਯਾਰਾ ਵੇ ਕੰਢਾ ਤੇਰਾ ਦੂਰ ਦਿਸੇ"। ਬਹੁਤ ਹੀ ਖੁੱਲ੍ਹੀ ਅਤੇ ਉੱਚੀ ਆਵਾਜ਼ ਨਾਲ ਹਾਕਮ ਨੇ ਲੋਕ ਗੀਤਾਂ ਵਰਗੇ ਇਸ ਗੀਤ ਨੂੰ ਨਿਭਾਇਆ ਹੈ। ਇਸ ਦੀ ਤਰਜ਼ ਵੀ ਇਕ ਲੋਕ ਤਰਜ਼ ਦੇ ਐਨ ਨਾਲੋਂ ਘਸਰ ਕੇ ਲੰਘਦੀ ਹੈ।

ਗੀਤ ਕਿਉਂਕਿ ਹਾਕਮ ਲਿਖਦਾ ਵੀ ਆਪ ਹੈ। 'ਝੱਲਿਆ ਦਿਲਾ ਵੇ ਮੋਹ ਨਾਂ ਤੂੰ ਪਾ ਵੇ', 'ਵਾਹ ਸਾਈਆਂ ਤੇਰੇ ਰੰਗ ਬਈ ਬੱਲੇ ਸਾਈਆਂ' ਅਤੇ 'ਛੇਤੀ ਲੰਘ ਤੂੰ ਜਵਾਨੀਏ ਬੁਢਾਪਾ ਕੂਕਦਾ' ਵਰਗੇ ਗੀਤ ਉਸ ਦੇ ਸੂਫ਼ੀ ਸੁਭਾਅ ਨੂੰ ਪ੍ਰਗਟਾਉਂਦੇ ਹਨ। ਸੂਫ਼ੀ ਆਪਣੇ ਤਖੱਲਸ ਨਾਲ ਇਕਮਿਕ ਹੋ ਕੇ ਚਲ ਰਿਹਾ ਹੈ। ਟੱਪੇ ਗਾਉਣ ਦਾ ਵੀ ਹਾਕਮ ਕਾਫ਼ੀ ਸ਼ੌਕੀਨ ਹੈ ਤੇ ਉਸ ਦੀ ਲਗਪਗ ਹਰੇਕ ਕੈਸੇਟ ਵਿਚ ਅਜਿਹੀ ਆਈਟਮ ਹੁੰਦੀ ਹੈ। ਇਸ ਕੈਸੇਟ ਦਾ ਇਕ ਟੱਪਾ ਸਾਂਝਾ ਕਰਦੇ ਹਾਂ :

ਮੱਖੀਆਂ ਮਖਿਆਲ ਦੀਆਂ
ਢਿੱਡ ਵਿਚ ਜ਼ਹਿਰ ਰੱਖ ਕੇ
ਮਿੱਠੇ ਸ਼ਹਿਦ ਨੂੰ ਪਾਲਦੀਆਂ।

ਅਤੁਲ ਸ਼ਰਮਾ ਨੇ ਸਾਰੇ ਗੀਤਾਂ ਵਿਚ ਸੰਗੀਤ ਭਰਨ ਵੇਲੇ ਚੰਗੀ ਦਿਲਚਸਪੀ ਦਿਖਾਈ ਹੈ, ਇਸੇ ਕਰਕੇ ਵਾਰ ਵਾਰ ਸੁਣਨ ਨੂੰ ਜੀਅ ਕਰਦਾ ਹੈ। ਹਾਕਮ ਸੂਫ਼ੀ ਦੀ ਗਾਇਕੀ ਦਾ ਜੇਕਰ ਨਜ਼ਾਰੇਦਾਰ ਰੰਗ ਦੇਖਣਾ ਹੋਵੇ ਜਾਂ ਇਹ ਪਰਖਣਾ ਹੋਵੇ ਕਿ ਉਹ ਗੀਤ ਦੇ ਅੰਦਰ ਕਿੰਨਾ ਕੁ ਲੱਥ ਕੇ ਗਾਉਂਦਾ ਹੈ ਤਾਂ ਫੇਰ 'ਇਸ਼ਕ ਦੀ ਨਗਰੀ ਸੁੰਨੀ ਸੁੰਨੀ' ਅਤੇ 'ਕਣਕਾਂ ਵਾਂਗੂ ਪਾਲੀਆਂ ਧੀਆਂ' ਗੀਤ ਸੁਣਨੇ ਜ਼ਰੂਰੀ ਹਨ।

—ਸ਼ਮਸ਼ੇਰ ਸੰਧੂ

## ਪ੍ਰੇਮ ਖੇਲਨ ਕਾ ਚਾਓ

ਪਿਛਲੇ ਛੇ ਕੁ ਮਹੀਨਿਆਂ ਦੇ ਸਮੇਂ ਵਿਚ ਪੰਜਾਬ ਦੀ ਲਗਭਗ ਹਰੇਕ ਕੈਸੇਟ ਕੰਪਨੀ ਨੇ ਢਾਡੀਆ ਦੀਆਂ ਕੈਸਟਾਂ ਰਿਲੀਜ਼ ਕੀਤੀਆਂ ਹਨ। ਸੰਗਰੂਰ ਦੀ 'ਜੇਦਕਾ ਆਡੀਓ ਲਿੰਕਰਜ਼' ਕੰਪਨੀ ਨੇ ਵੀ ਇਸੇ ਲੜੀ ਵਿਚ ਕੁਝ ਕੈਸੇਟਾਂ ਤਿਆਰ ਕੀਤੀਆਂ ਹਨ ਜਿਨ੍ਹਾਂ ਵਿਚੋਂ ਹਾਲ ਹੀ ਵਿਚ ਰਿਲੀਜ਼ ਹੋਈ ਮਹਿੰਦਰ ਸਿੰਘ ਸਿਵੀਅ ਦੇ ਢਾਡੀ ਜਥੇ ਦੀ ਕੈਸੇਟ 'ਪ੍ਰੇਮ ਖੇਲਨ ਕਾ ਚਾਓ' ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਇਸ ਕੈਸੇਟ ਵਿਚ ਜਥੇ ਨੇ ਇਤਿਹਾਸ ਵਿਚ ਵਾਪਰੇ-ਵਰਤਾਰਿਆਂ ਦੇ ਵੱਖ ਵੱਖ ਪ੍ਰਸੰਗ ਬਹੁਤ ਖੂਬਸੂਰਤੀ ਨਾਲ ਪੇਸ਼ ਕੀਤੇ ਹਨ। ਗੁਰੂ ਗੋਬਿੰਦ ਸਿੰਘ ਵਲੋਂ ਪੰਜ ਪਿਆਰੇ ਸਾਜਣ, ਮੁਸਲਮਾਨ ਫਕੀਰ ਮੀਆਂ ਮੀਰ ਦਾ ਤਰਲਾ, ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ ਜਿੰਦ ਕੌਰ ਦੀ ਸ. ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖਣ, ਸੂਰਮਿਆਂ ਦੀ ਧਰਤੀ ਦੀ ਸਿਫਤ, ਆਜ਼ਾਦੀ ਦੀ ਪ੍ਰਾਪਤੀ ਲਈ ਕੁਰਬਾਨੀਆਂ ਦੇਣ ਵਾਲੀਆਂ ਦਾ ਨਗਮਾ, ਸੈਂਟਰਲ ਜੇਲ੍ਹ ਲਾਹੌਰ ਵਿਚ ਭਗਤ ਸਿੰਘ ਦੀ ਮਾਂ ਦੀ ਪੁੱਤ ਨਾਲ ਆਖਰੀ ਵਾਰਤਾ ਅਤੇ ਸ਼ਹੀਦ ਉਧਮ ਸਿੰਘ ਦੇ ਜੱਜ ਅੱਗੇ ਬਿਆਨ ਦੇ ਵੱਖ ਵੱਖ ਪ੍ਰਸੰਗਾਂ ਨੂੰ ਪੇਸ਼ ਕੀਤਾ ਹੈ।

ਜਥੇ ਵਿਚ ਸੁਖਮਹਿੰਦਰ ਸਿੰਘ ਚੌਹਾਨ, ਭਾਨ ਸਿੰਘ ਲਹਿਰੀ ਅਤੇ ਤੀਰਥ ਸਿੰਘ ਚੰਦਨ ਸ਼ਾਮਲ ਹਨ ਅਤੇ ਇਸ ਕੈਸੇਟ ਦੀ ਸੁਚੱਜੀ ਰਿਕਾਰਡਿੰਗ ਖੁਦ ਇੰਦਰਜੀਤ ਜੈਦਕਾ ਨੇ ਹੀ ਕੀਤੀ ਹੋਈ ਹੈ। ਸਾਰੰਗੀ ਮਾਸਟਰ ਨੇ ਸਾਰੰਗੀ ਦੀਆਂ ਤਾਰਾਂ ਨੂੰ ਜਿਵੇਂ ਆਪਣੇ ਉਂਗਲਾਂ ਦੇ ਪੋਟਿਆਂ ਦੀ ਛੋਹ ਦੇ ਕੇ ਸੰਗੀਤ ਤਿਆਰ ਕੀਤਾ ਹੈ, ਉਸ ਦੀ ਸਿਫਤ ਕਰਨੀ ਬਣਦੀ ਹੈ। ਕੁਆਲਟੀ ਪੱਖੋਂ ਵੀ ਕੈਸੇਟ ਵਧੀਆ ਹੈ।

ਸੁਰਿੰਦਰ ਸਿੰਘ

## ਜੋਗੀ ਦੀ ਜੈ ਬੋਲੋ

ਰੋਪੜ ਦੀ ਵੀ. ਸੀ. ਆਰ. ਕੰਪਨੀ ਨੇ ਭੇਟਾਂ ਦੀ ਇਕ ਕੈਸੇਟ ਰਿਲੀਜ਼ ਕੀਤੀ ਹੈ 'ਜੋਗੀ ਦੀ ਜੈ ਬੋਲੋ'। ਨਵੇਂ ਤੇ ਉਭਰ ਰਹੇ ਗਾਇਕ ਕਰਮਾ ਦੀਆਂ ਗਾਈਆਂ ਇਨ੍ਹਾਂ ਆਈਟਮਾਂ ਨੂੰ ਸੰਗੀਤ 'ਚ ਢਾਲਿਆ ਹੈ ਅਤੁਲ ਸ਼ਰਮਾ ਨੇ। ਰਿਕਾਰਡਿਸਟ ਜਗਦੀਸ਼ ਨੇ ਸੋਹਣਾ ਰੀਜ਼ਲਟ ਦਿੱਤਾ ਹੈ।

'ਡਰੈਵਰ ਵੀਰੇ ਦੇ ਹੱਥ ਜੋਗੀ ਚਿੱਠੀ ਘੱਲੀ ਆ' ਅਤੇ 'ਬੋਲੋ ਜੋਗੀ ਦੀ ਜੈ ਜੈ ਬੋਲੋ' ਦੋ ਭੇਟਾਂ ਬਹੁਤ ਖਰੀਆਂ ਹਨ। ਇੱਥੋਂ ਪਛਾਣ ਹੋ ਜਾਂਦੀ ਹੈ ਕਿ ਕਰਮੇ ਦੇ ਗਲੇ ਵਿਚ ਹਰਕਤ ਹੈ।

ਚੰਗਾ ਹੁੰਦਾ ਜੇਕਰ 'ਭਗਤਾਂ ਦੇ ਦਿਲ 'ਚ ਜ਼ਰੂਰ ਤੁਸੀਂ ਰਹਿੰਦੇ ਓ' ਅਤੇ 'ਹੋਈਆਂ ਸੰਗਤਾਂ ਜੋਗੀ ਦੇ ਦਰ ਕੱਠੀਆਂ' ਆਈਟਮਾਂ ਨੂੰ ਕ੍ਰਮਵਾਰ 'ਅੱਜ ਕੱਲ੍ਹ ਸੁਣਿਆ ਫਤੂਰ ਵਿਚ ਰਹਿਨੇ ਓ' ਅਤੇ 'ਮਾਝੇ ਮਾਲਵੇ ਦੁਆਬੇ ਦੀਆਂ ਜੱਟੀਆਂ' ਵਾਲੀਆਂ ਤਰਜ਼ਾਂ 'ਚ ਨਾ ਗਾਇਆ ਜਾਂਦਾ।

ਇਸ ਕੈਸੇਟ ਤੋਂ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਗਾਇਕ ਕਰਮਾ ਭਵਿੱਖ ਵਿਚ ਚੰਗਾ ਗਾਇਕ ਹੋ ਨਿਬੜੇਗਾ। ਉਂਜ ਵੀ ਗਾਇਨ-ਕਲਾ ਉਸ ਨੂੰ ਵਿਰਸੇ (ਗਾਇਕ ਪਿਤਾ ਰੌਸ਼ਨ ਸਾਗਰ) 'ਚੋਂ ਪ੍ਰਾਪਤ ਹੋਈ ਹੈ।

ਸ਼ਮਸ਼ੇਰ ਸੰਧੂ